
‘sR:

# ਸਾਂਝੀ ਵਿਰਾਸਤ

ਜਿਲਦ 1 ਅੰਕ 5 | 2022 | ਜੇਠ (ਮਈ)






## ਪੰਜਾਬੀ ਭਾਸ਼ਾ, ਸਭਿਅਤਾ ਅਤੇ ਵਿਰਾਸਤ ਦਾ ਮਾਸਿਕ ਮੈਗਜ਼ੀਨ

A monthly non-political, not-for-profit magazine of

the Panjabi Language, Culture and Heritage

www.sanjhivirasat.org

# ਇਸ ਅੰਕ ਵਿਚ





| | | | |
|---|---|---|---|
| 1. | ਤਤਕਰਾ | | |
| 2. | ਸੰਪਾਦਕੀ ਮੰਡਲ | | |
| 3. | ਸੰਪਾਦਕੀ ਨੋਟ | ਮੁਖ ਸੰਪਾਦਕ | 1 |
| 4. | ਜੇਠ ਮਹੀਨੇ ਦੇ ਸ਼ਬਦ ਦੀ ਕਾਵਿਕ-ਵਿਆਖਿਆ | ਕਰਮਜੀਤ ਸਿੰਘ ਨੂਰ | 2 |
| 5. | ਮਾਂ ਮੇਰੀ ਦਾ ਏਡਾ ਜੇਰਾ | ਗੁਰਦੀਸ਼ ਕੌਰ ਗਰੇਵਾਲ | 3 |
| 6. | ਆਦਿ ਮਨੁਖ ਕਿਹੜੀ ਖ਼ੁਰਾਕ ਨਾਲ ਸਿਹਤਮੰਦ ਰਿਹਾ? | ਹਰਸ਼ਿੰਦਰ ਕੌਰ | 4 |
| 7. | ਸਿੱਖ ਧਰਮ ਵਿੱਚ ਵਿੱਦਿਆ ਪਸਾਰ ਦੀ ਚੇਤਨਾ | ਪਿਆਰਾ ਸਿੰਘ ਕੁੱਦੋਵਾਲ | 6 |
| 8. | ਖਾਲਸੇ ਦਾ ਨਿਆਰਾ ਸੰਕਲਪ - ਸਾਜਨਾ ਅਤੇ ਵਿਕਾਸ | ਅੰਮ੍ਰਿਤ ਪਾਲ ਕੌਰ | 8 |
| 9. | ਮਾਵਾਂ ਦੀਆਂ ਦੁਆਵਾਂ | ਗੁਰਦੀਸ਼ ਕੌਰ ਗਰੇਵਾਲ | 9 |
| 10. | ਆਤਮ ਪੜਚੋਲ (ਆਪੇ ਦੀ ਪਰਖ) | ਦਾਸੀ ਦਵਿੰਦਰ ਕੌਰ | 11 |
| 11. | ਕੁਝ ਵਿਸ਼ੇਸ਼ ਸ਼ਬਦਾਂ ਦੇ ਅਰਥ - (3) | ਦੇਵਿੰਦਰ ਸਿੰਘ ਸੇਖੋਂ | 12 |
| 12. | ਗੁਰੂ ਨਾਨਕ ਸਾਹਿਬ ਦੇ ਇਕ ਸ਼ਬਦ ਦੀ ਵਿਆਖਿਆ | ਡਾ. ਅਸਮਾ ਕਾਦਰੀ | 13 |
| 13. | ਗੁਰਬਾਣੀ ਦੇ ਕੁਝ ਸ਼ਬਦਾਂ ਦੇ ਅਰਥ | ਬ੍ਰਿਜਮਿੰਦਰ ਕੌਰ | 14 |
| 14. | ਮੁਕਤੀ: ਵਰਤਮਾਨ ਜੀਵਨ ਵਿਚ, ਜਾਂ ਮਰਨ ਤੋਂ ਬਾਅਦ | ਕਾਬਲ ਸਿੰਘ ਤੇ ਬਲਦੇਵ ਸਿੰਘ | 15 |
| 15. | ਸੰਤ ਤੇਜਾ ਸਿੰਘ ਜੀ (1877 - 1965) | ਸੁਰਜੀਤ ਸਿੰਘ ਭੱਟੀ | 18 |
| 16. | (ਮਿਨੀ ਕਹਾਣੀ) ਇਨਸਾਨੀਅਤ ਅਜੇ ਬਾਕੀ ਹੈ | ਹਰਪ੍ਰੀਤ ਸਿੰਘ ਜਵੰਦਾ | 20 |
| 17. | (ਮਿਨੀ ਕਹਾਣੀ) ਸੁਲਝੀ ਹੋਈ ਮਾਂ | ਬਲਰਾਜ ਕੌਰ ਚੰਦੇਲ | 21 |
| 18. | ਚੱਜ ਹੋਵੇ ਤਾਂ ਰੱਜ ਹੁੰਦਾ ਏ | ਅਮਰਬੀਰ ਸਿੰਘ ਧਾਮੀ | 22 |
| 19. | ਆਓ ਮੁਹੱਬਤਾਂ ਭੇਜੀਏ! | ਗੁਰਮਿੰਦਰ ਕੌਰ ਸਿੱਧੂ | 23 |
| 20. | ਮਈ (ਜੇਠ) ਦਾ ਮਹੀਨਾ | ਰੂਬੀਨਾ ਸਿੰਘ | 24 |
| 21. | ਈ-ਦੀਵਾਨ ਕੈਲਗਰੀ ਵਲੋਂ ਅੰਤਰ-ਰਾਸ਼ਟ੍ਰੀ ਕਵੀ ਦਰਬਾਰ | 26 ਮਾਰਚ 2022 | 25 |
| 22. | 'ਔਰਤ ਦਿਵਸ' ਤੇ ਹੋਏ ਕਵੀ ਦਰਬਾਰ ਦਾ ਪ੍ਰੈਸ ਨੋਟ | ਗੁਰਦੀਸ਼ ਕੌਰ ਗਰੇਵਾਲ | 26 |
| 23. | ਲੇਖਕਾਂ ਬਾਰੇ ਜਾਣਕਾਰੀ | | 27 |
| | ਲੇਖਕਾਂ ਲਈ ਜ਼ਰੂਰੀ ਜਾਣਕਾਰੀ | | 32 |

# ਸੰਪਾਦਕੀ ਮੰਡਲ

# Editorial Board


| | | |
|---|---|---|
| 1. | ਡਾ. ਰਾਜਾ ਬਲਰਾਜ ਸਿੰਘ | ਕੈਲਗਰੀ (ਕੈਨੇਡਾ) |
| 2. | ਸ੍ਰੀਮਤੀ ਗੁਰਦੀਸ਼ ਕੌਰ ਗਰੇਵਾਲ | ਕੈਲਗਰੀ (ਕੈਨੇਡਾ) |
| 3. | ਪ੍ਰੋਫ਼ੈਸਰ ਮਨਿੰਦਰ ਸਿੰਘ | ਐਡਮਿੰਟਨ (ਕੈਨੇਡਾ) |
| 4. | ਡਾ. ਕਾਬਲ ਸਿੰਘ | ਐਡਮਿੰਟਨ (ਕੈਨੇਡਾ) |
| 5. | ਡਾ. ਬਲਦੇਵ ਸਿੰਘ | ਐਡਮਿੰਟਨ (ਕੈਨੇਡਾ) |
| 6. | ਸ. ਜਗਬੀਰ ਸਿੰਘ ਕੋਹਲੀ | ਕੈਲਗਰੀ (ਕੈਨੇਡਾ) |
| 7. | ਸ. ਪਰਮਜੀਤ ਸਿੰਘ | ਟੋਰੋਂਟੋ (ਕੈਨੇਡਾ) |
| 8. | ਪ੍ਰਿੰਸੀਪਲ ਮਨਮੋਹਨ ਕੌਰ | ਕੈਲਗਰੀ (ਕੈਨੇਡਾ) |
| 9. | ਡਾ. ਰਾਜਬੀਰ ਸਿੰਘ ਭੱਟੀ | ਕੈਲਗਰੀ (ਕੈਨੇਡਾ) |
| 10. | ਡਾ. ਸੁਰਜੀਤ ਸਿੰਘ ਭੱਟੀ (ਮੁਖ ਸੰਪਾਦਕ) | ਕੈਲਗਰੀ (ਕੈਨੇਡਾ) |

**ਸਲਾਹਕਾਰ:**

| | | |
|---|---|---|
| 1. | ਡਾ. ਕਾਲਾ ਸਿੰਘ | ਵੈਨਕੂਵਰ (ਕੈਨੇਡਾ) |
| 2. | ਡਾ. ਦਵਿੰਦਰ ਸਿੰਘ ਸੇਖੋਂ | ਵਿੰਡਸਰ (ਕੈਨੇਡਾ) |
| 3. | ਡਾ. ਦਵਿੰਦਰ ਪਾਲ ਸਿੰਘ | ਮਿਸੀਸਾਗਾ (ਕੈਨੇਡਾ) |
| 4. | ਡਾ. ਜਗਜੀਤ ਸਿੰਘ | ਵੈਨਕੂਵਰ (ਕੈਨੇਡਾ) |
| **5.** | ਸ੍ਰੀ ਰਿਸ਼ੀ ਨਾਗਰ | ਕੈਲਗਰੀ (ਕੈਨੇਡਾ) |
| **6.** | ਸ. ਯੁਵਰਾਜ ਸਿੰਘ | ਕੈਲਗਰੀ (ਕੈਨੇਡਾ) |

# ਸੰਪਾਦਕੀ ਨੋਟ

ਦੁਨੀਆਂ ਭਰ ਵਿਚ **8 ਮਈ** ਦਾ ਦਿਨ ਅਲਗ ਅਲਗ ਤਰੀਕਿਆਂ ਨਾਲ "**ਮਾਂ ਦਿਵਸ**" (Mothers Day) ਦੇ ਤੌਰ ਤੇ ਮਨਾਇਆ ਜਾਂਦਾ ਹੈ। ਇਸ ਅੰਕ ਵਿਚ ਇਸ ਸੰਬੰਧ ਵਿਚ ਖਾਸ ਕਵਿਤਾਵਾਂ ਅਤੇ ਲੇਖ ਸ਼ਾਮਲ ਕੀਤੇ ਗਏ ਹਨ। 14 ਮਈ ਤੋਂ ਜੇਠ ਦਾ ਮਹੀਨਾ ਸ਼ੁਰੂ ਹੋ ਜਾਂਦਾ ਹੈ।

ਜੇਠ ਦੇ ਮਹੀਨੇ ਦੇ (ਬਾਰਾਹ ਮਾਹਾ ਅਨੁਸਾਰ) ਗੁਰ-ਸ਼ਬਦ ਦੀ ਵਿਆਖਿਆ ਇਸ ਵਾਰ ਇਕ ਨਵੇਕਲੇ ਕਾਵਿ ਰੂਪ ਵਿਚ ਕੀਤੀ ਗਈ ਹੈ। ਮਈ ਵਿਚ ਗੁਰੂ ਸਾਹਿਬਾਨ ਦੇ ਜੀਵਨ ਨਾਲ ਸੰਬੰਧਿਤ ਕੁਝ ਮਹੱਤਵਪੂਰਨ ਗੁਰਪੁਰਬ ਮਨਾਏ ਜਾਂਦੇ ਹਨ। ਪਹਿਲੀ ਮਈ ਗੁਰੂ ਅੰਗਦ ਸਾਹਿਬ ਦਾ ਪ੍ਰਕਾਸ਼ ਦਿਹਾੜਾ ਹੈ ਅਤੇ 15 ਮਈ ਗੁਰੂ ਅਮਰਦਾਸ ਜੀ ਦਾ। 23 ਮਈ ਗੁਰੂ ਹਰਗੋਬਿੰਦ ਸਾਹਿਬ ਦਾ ਗੁਰ-ਗੱਦੀ ਦਿਵਸ ਹੈ। "ਗੁਰੂ ਕਾ ਬਾਗ" ਦਾ ਮੇਲਾ 8 ਮਈ ਨੂੰ ਲਗਦਾ ਹੈ। ।

ਇਸ ਅੰਕ ਵਿਚ ਕਈ ਹੋਰ ਮਹੱਤਵਪੂਰਣ ਵਿਸ਼ਿਆਂ ਤੇ ਲੇਖ ਸ਼ਾਮਲ ਕੀਤੇ ਗਏ ਹਨ। ਜਿਵੇਂ, ਸਾਡੇ ਬਜ਼ੁਰਗ ਕਿਸ ਤਰਾਂ ਦੀ ਖੁਰਾਕ ਨਾਲ ਸਿਹਤਮੰਦ ਰਹਿੰਦੇ ਸਨ। ਇਸ ਤੋਂ ਇਲਾਵਾ, ਸਾਡੀ ਸਿੱਖਿਆ ਦੇ ਗੁਰਮਤ ਨਾਲ ਸੰਬੰਧ ਬਾਰੇ, ਇਸ ਵਿਚ ਵਿਦਵਾਨ (ਪ੍ਰਿੰਸੀਪਲ) ਸੰਤ ਤੇਜਾ ਸਿੰਘ ਜੀ ਦੀ ਦੇਨ, ਅਤੇ ਗੁਰਬਾਣੀ ਦੇ ਕੁਝ ਸ਼ਬਦਾਂ ਦੇ ਸਹੀ ਅਰਥਾਂ ਦੀਆਂ ਖੋਜ-ਭਰਪੂਰ ਲਿਖਤਾਂ ਹਨ।

**ਈ-ਦੀਵਾਨ**, ਕੈਲਗਰੀ ਵਲੋਂ 26 ਮਾਰਚ 2022 ਨੂੰ "**ਅੰਤਰ-ਰਾਸ਼ਟ੍ਰੀ ਔਰਤ ਦਿਵਸ**" (International Women Day) ਤੇ ਔਰਤਾਂ ਨੂੰ ਸਮਰਪਿਤ ਕਰਵਾਏ ਗਏ ਇੰਟਰ-ਨੈਸ਼ਨਲ ਕਵੀ ਦਰਬਾਰ ਦੀ ਰਿਪੋਰਟ ਵੀ ਦਿੱਤੀ ਗਈ ਹੈ।

ਜੋ ਲੇਖਕ ਪੰਜਾਬੀ ਭਾਸ਼ਾ, ਸਭਿੱਅਤਾ, ਇਤਿਹਾਸ ਜਾਂ ਵਿਰਾਸਤ ਬਾਰੇ ਕੋਈ ਰਚਨਾ (ਲੇਖ, ਮਿੰਨੀ ਕਹਾਣੀ, ਆਪ-ਬੀਤੀ ਜਾਂ ਕਵਿਤਾ) ਭੇਜਣਾ ਚਾਹੁੰਦੇ ਹਨ ਉਹ ਮਈ ਦੀ 15 ਤਾਰੀਖ ਤਕ ਭੇਜ ਸਕਦੇ ਹਨ। ਕਿਸੇ ਧਰਮ, ਸੰਸਥਾਂ ਜਾਂ ਵਿਅਕਤੀ ਵਿਰੁੱਧ ਲੇਖ ਨਹੀਂ ਛਾਪੇ ਜਾਣਗੇ। ਲੇਖ ਅੰਗਰੇਜ਼ੀ ਵਿਚ ਵੀ ਭੇਜੇ ਜਾ ਸਕਦੇ ਹਨ।

ਇਕਸਾਰਤਾ ਰੱਖਣ ਦੇ ਮੰਤਵ ਨਾਲ ਲੇਖਕਾਂ ਲਈ ਜ਼ਰੂਰੀ ਜਾਣਕਾਰੀ (Important Information for Authors) ਮੈਗਜ਼ੀਨ ਦੇ ਅੰਤਲੇ ਪੰਨੇ ਤੇ ਦਿੱਤੀ ਗਈ ਹੈ ਅਤੇ ਇਹ ਜਾਣਕਾਰੀ ਸਾਡੇ ਵੈਬਸਾਈਟ (*sanjhivirasat.org*) ਤੋਂ ਵੀ ਮਿਲ ਸਕਦੀ ਹੈ।

ਆਸ ਹੈ ਪਹਿਲੇ ਵਾਂਗ ਇਹ ਅੰਕ ਵੀ ਪਾਠਕਾਂ ਲਈ ਜਾਣਕਾਰੀ-ਭਰਪੂਰ ਹੋਵੇਗਾ। ਤੁਸੀਂ ਆਪਣੇ ਵਿਚਾਰ ਵੀ ਸਾਨੂੰ ਭੇਜ ਸਕਦੇ ਹੋ। ਧੰਨਵਾਦ।

ਡਾ: ਸੁਰਜੀਤ ਸਿੰਘ ਭੱਟੀ, ਮੁੱਖ ਸੰਪਾਦਕ।

*(surjitsingh.bhatti@gmail.com)*



## ਜੇਠ ਮਹੀਨੇ ਦੇ ਸ਼ਬਦ ਦੀ ਕਾਵਿਕ-ਵਿਆਖਿਆ

ਕਰਮਜੀਤ ਸਿੰਘ 'ਨੂਰ', ਜਲੰਧਰ (ਭਾਰਤ)

**+91-98150-23970**



ਜੇਠ ਵਿਚ ਉਸ ਹਰੀ ਨਾ' ਜੁੜੀਏ, ਜਿਸ ਅੱਗੇ ਨੇ ਝੁਕਦੇ ਸਾਰੇ।
ਜਿਸ ਸੱਜਣ ਦਾ ਦਾਮਨ ਫੜਿਆਂ, ਜੱਗ ਦੇ ਬੰਧਨ ਮੁਕਦੇ ਸਾਰੇ।

ਨਾਮ ਪ੍ਰਭੂ ਦਾ ਮਾਣਕ ਮੋਤੀ, ਜਿਸਨੂੰ ਨਾ ਕੋਈ ਚੋਰ ਚੁਰਾਵੇ।
ਰੰਗ ਬਰੰਗੇ ਕੌਤਕ ਉਸ ਦੇ, ਜੋ ਸਭਨਾ ਦੇ ਮਨ ਨੂੰ ਭਾਵੇ।

ਜੋ ਉਹ ਚਾਹੁੰਦੈ ਓਹੀ ਕਰਦੈ, ਓਹੀ ਜੀਵਾਂ ਤੋਂ ਕਰਵਾਂਦੈ।
ਅਪਣਾ ਜਿਨੂੰ ਬਣਾ ਲੈਂਦਾ ਹੈ, ਧੰਨ ਧੰਨ ਉਸ ਨੂੰ ਅਖਵਾਂਦੈ।

ਅਪਣੇ ਆਪ ਜੇ ਮਿਲਦਾ ਹੋਵੇ, ਵਿੱਛੜ ਕੇ ਕਿਓਂ ਰੋਵਣ ਬੰਦੇ।
ਗੁਰੂ ਮਿਲਾਵੇ ਤਾਂ ਉਹ ਮਿਲਦੈ, ਫ਼ੇਰ ਆਨੰਦਿਤ ਹੋਵਣ ਬੰਦੇ।

ਉਸਨੂੰ ਜੇਠ ਸੁਹਾਣਾ ਲਗਦੈ, ਕੰਵਲ ਜਿਦ੍ਹੇ ਭਾਗਾਂ ਦਾ ਖਿਲਦੈ।
ਜਿਸਦੇ ਭਾਗ ਮੱਥੇ ਦੇ ਚੰਗੇ, ਪ੍ਰਭੂ-ਪਤੀ ਓਸੇ ਨੂੰ ਮਿਲਦੈ।

ਮਾਂ ਦਿਵਸ ਤੇ ਵਿਸ਼ੇਸ਼-

## ਮਾਂ ਮੇਰੀ ਦਾ ਏਡਾ ਜੇਰਾ (ਗੀਤ)

ਗੁਰਦੀਸ਼ ਕੌਰ ਗਰੇਵਾਲ- ਕੈਲਗਰੀ
ਵਟਸਐਪ: +91 98728 60488



ਮਾਂ ਮੇਰੀ ਦਾ ਏਡਾ ਜੇਰਾ, ਮੈਂਨੂੰ ਕੁੱਝ ਸਮਝਾਉਂਦਾ ਨੀ।
ਰੁੱਖਾਂ ਜਿਹੀ ਜੀਰਾਂਦ ਦਾ ਜੀਣਾ, ਮੈਂਨੂੰ ਆਖ ਸੁਣਾਉਂਦਾ ਨੀ।

ਪਰਬਤ ਵਰਗਾ ਜੇਰਾ ਮਾਂ ਦਾ, ਜ਼ਖ਼ਮ ਅਸਾਡੇ ਸੀਂ ਲੈਂਦੀ।
ਆਪਣੇ ਗ਼ਮ ਨੂੰ ਅੰਦਰੇ ਸਾਂਭੇ, ਸਾਡੇ ਗ਼ਮ ਨੂੰ ਪੀ ਲੈਂਦੀ।
ਕੋਈ ਨਾ ਸਾਡੇ ਅੱਥਰੂ ਪੂੰਝੇ, ਕੋਈ ਨਾ ਹੋਰ ਵਰਾਉਂਦਾ ਨੀ
ਮਾਂ ਮੇਰੀ...........

ਉਹਦੇ ਬੋਲਾਂ ਦੇ ਵਿੱਚ ਮਿਸ਼ਰੀ, ਕਦੇ ਨਾ ਕੌੜਾ ਬੋਲੇ ਨੀ।
ਜਣੇ ਖਣੇ ਦੇ ਕੋਲ ਕਦੇ ਨਾ, ਦਿਲ ਦੀ ਘੁੰਡੀ ਖੋਲ੍ਹੇ ਨੀ।
ਜ਼ਿੰਦਗੀ ਦਾ ਹਰ ਪਲ ਹੀ ਉਹਦਾ, ਸਤਿ ਸੰਤੋਖ ਸਿਖਾਉਂਦਾ ਨੀ।
ਮਾਂ ਮੇਰੀ..........




Ngugi wa Thiong'o
African Patriotic Writer

ਦੁੱਖਾਂ ਵਾਲੇ ਸਮੇਂ ਬਥੇਰੇ, ਸਿਰ ਉਹਦੇ ਤੋਂ ਲੰਘੇ ਨੀ।
ਭਲਾ ਬੁਰਾ ਨਾ ਕਿਸੇ ਨੂੰ ਆਖੇ, ਖ਼ੈਰਾਂ ਸਭ ਦੀਆਂ ਮੰਗੇ ਨੀ।
'ਨਾ ਕੋ ਵੈਰੀ ਨਾਹੀ ਬੇਗਾਨਾ', ਏਹੀ ਪਾਠ ਪੜ੍ਹਾਉਂਦਾ ਨੀ
ਮਾਂ ਮੇਰੀ.........

ਮਾਂ ਤਾਂ ਸੰਘਣੀ ਛਾਂ ਦਾ ਰੁੱਖੜਾ, ਦੇਵੇ ਠੰਢੀਆਂ ਛਾਵਾਂ ਨੀ।
ਬਿਨ ਮੰਗੇ ਹੀ ਸਭ ਨੂੰ ਦੇਵੇ, ਸੱਚੇ ਦਿਲੋਂ ਦੁਆਵਾਂ ਨੀ।
ਦਰੀਆਂ, ਖੇਸ ਤੇ ਸਾਲੂ ਦਾ ਫੁੱਲ, ਉਹਦੀ ਯਾਦ ਕਰਾਉਂਦਾ ਨੀ।

ਮਾਂ ਮੇਰੀ.........

ਪਿੰਡ ਆਪਣੇ ਦੇ ਵਿੱਚ ਉਸ ਤਾਂ, ਇੱਜ਼ਤ ਬੜੀ ਕਮਾਈ ਨੀ।
ਅੱਜ ਉਹਦੀ ਫੁਲਵਾੜੀ ਉੱਤੇ, ਮਿਹਨਤ ਰੰਗ ਲਿਆਈ ਨੀ।
ਸ਼ੀਸ਼ੇ ਵਰਗੇ ਨਿਰਮਲ ਮਨ ਦਾ, 'ਦੀਸ਼' ਨੂੰ ਮੋਹ ਸਤਾਉਂਦਾ ਨੀ।
ਮਾਂ ਮੇਰੀ........

# ਆਦਿ ਮਨੁਖ ਕਿਹੜੀ ਖ਼ੁਰਾਕ ਨਾਲ ਸਿਹਤਮੰਦ ਰਿਹਾ?

ਡਾ: ਹਰਸ਼ਿੰਦਰ ਕੌਰ, ਐੱਮ.ਡੀ, ਪਟਿਆਲਾ (ਭਾਰਤ) 0175-2216783

ਪੁਰਾਣੇ ਸਮਿਆਂ ਵਿਚ ਮਨੁੱਖ ਨੂੰ ਖੇਤੀਬਾੜੀ ਕਰਨ ਦੀ ਜਾਚ ਨਹੀਂ ਸੀ, ਸ਼ਿਕਾਰ ਨਾਲ ਹੀ ਢਿੱਡ ਭਰਿਆ ਜਾਂਦਾ ਸੀ। ਕੱਚੇ ਫਲ, ਪੱਤੇ, ਫੁੱਲ, ਕੀੜੇ ਮਕੌੜੇ ਵੀ ਖਾਧੇ ਜਾਂਦੇ ਸਨ। ਲੱਖਾਂ ਸਾਲ ਪੁਰਾਣੀਆਂ ਲਾਸ਼ਾਂ ਦੇ ਦੰਦਾਂ ਵਿਚ ਫਸੇ ਸਖ਼ਤ ਬੀਜ ਅਤੇ ਜਾਨਵਰਾਂ ਦੀਆਂ ਹੱਡੀਆਂ ਅੰਦਰਲੇ ਗੁੱਦੇ ਨੂੰ ਖਾਧੇ ਜਾਣ ਦੇ ਸੰਕੇਤ ਵੀ ਮਿਲਦੇ ਹਨ।ਲਗਭਗ 2.6 ਮਿਲੀਅਨ ਸਾਲ ਪਹਿਲਾਂ ਮਨੁੱਖ-ਨੁਮਾ ਪ੍ਰਾਣੀ ਬੀਜ, ਜੜ੍ਹਾਂ ਆਦਿ, ਸਾਂਭ ਕੇ ਰੱਖਣ ਲਗਾ ਤੇ ਨਿਰੇ ਮੀਟ ਨੂੰ ਛੱਡ ਕੇ ਮਨੁੱਖ ਸ਼ਾਕਾਹਾਰੀ ਖਾਣੇ ਵੱਲ ਖਿਚਿਆ ਗਿਆ।

ਸੰਨ 2015 ਤੋਂ ਸੰਨ 2020 ਤਕ ਅਮਰੀਕਾ ਵਲੋਂ ਖ਼ੁਰਾਕ ਸੰਬੰਧੀ ਗਾਈਡਲਾਈਨਜ਼ ਵਿਚ ਸਿਹਤਮੰਦ ਖਾਣਿਆਂ ਦਾ ਜ਼ਿਕਰ ਸੀ। ਉਸ ਵਿਚ ਦੋ ਨੁਕਤੇ ਸਪਸ਼ਟ ਰੂਪ ਵਿਚ ਸਾਹਮਣੇ ਆਏ। ਪਹਿਲਾ-ਕੋਈ ਇਕ ਤਰ੍ਹਾਂ ਦਾ ਖਾਣਾ ਜਾਦੂਈ ਅਸਰ ਨਹੀਂ ਵਿਖਾ ਸਕਦਾ, ਲਗਾਤਾਰ ਖਾਂਦੇ ਰਹਿਣ ਨਾਲ ਹੀ ਫ਼ਾਇਦਾ ਦਿਸੇਗਾ। ਦੂਜਾ-ਜੇ ਸਹੀ ਅਤੇ ਸੰਤੁਲਿਤ ਖ਼ੁਰਾਕ ਲਗਾਤਾਰ ਖਾਧੀ ਜਾਵੇ ਤਾਂ ਅਨੇਕ ਰੋਗਾਂ ਤੋਂ ਛੁਟਕਾਰਾ ਮਿਲ ਸਕੇਗਾ, ਬਸ਼ਰਤੇ ਕਿ ਨਾਲੋ-ਨਾਲ ਕਸਰਤ ਜ਼ਰੂਰ ਕੀਤੀ ਜਾਵੇ।ਸੰਤੁਲਿਤ ਖ਼ੁਰਾਕ ਵਿਚ ਤਾਜ਼ੇ ਫਲ, ਸਬਜ਼ੀਆਂ ਦਾ ਅਹਿਮ ਰੋਲ ਮੰਨਿਆ ਗਿਆ ਜੋ ਕਰੌਨਿਕ ਬੀਮਾਰੀਆਂ ਤੋਂ ਬਚਾਉਂਦੇ ਹਨ।ਕੈਂਸਰ, ਦਿਲ ਦੇ ਰੋਗ ਅਤੇ ਸ਼ੱਕਰ ਰੋਗਾਂ ਤੋਂ ਬਚਣ ਲਈ ਹਾਰਵਡ ਮੈਡੀਕਲ ਸਕੂਲ ਨੇ ਖ਼ੁਰਾਕ ਉੱਤੇ ਬਹੁਤ ਜ਼ੋਰ ਦਿੱਤਾ।

ਸਭ ਤੋਂ ਪੁਰਾਣੀ ਲੱਭੀ ਮਨੁੱਖ-ਨੁਮਾ ਜਨੌਰ ਦੀ ਲਾਸ਼ ਉੱਤੇ ਖੋਜ ਤੋਂ ਪਤਾ ਲਗਿਆ ਕਿ ਮੀਟ ਖਾਂਣ ਨਾਲ ਹੌਲੀ-ਹੌਲੀ ਦੰਦਾਂ ਦਾ ਆਕਾਰ ਛੋਟਾ ਅਤੇ ਤਿੱਖਾ ਹੋਣ ਲਗਾ ਤੇ ਅੰਤੜੀਆਂ ਦਾ ਮਾਪ ਘਟ ਗਿਆ। ਪਰ ਪਹਿਲਾਂ ਦੇ ਜਾਨਵਰ ਤੋਂ ਵਖ ਸੋਚ ਪਨਪ ਜਾਣ ਨਾਲ ਦਿਮਾਗ਼ ਦਾ ਆਕਾਰ ਵੱਡਾ ਹੋ ਗਿਆ ਅਤੇ ਉਹ ਜਨੌਰ ਸਿੱਧਾ ਖੜ੍ਹਾ ਹੋ ਕੇ ਤੁਰਨਾ ਸਿਖ ਗਿਆ। ਸੰਨ 1992 ਵਿਚ 1.9 ਮਿਲੀਅਨ ਸਾਲ ਪੁਰਾਣੀ ਪੂਰੀ ਮਨੁਖੀ ਖੋਪਰੀ ਲਭੇ ਜਾਣ ਤੇ ਖੁਲਾਸੇ ਹੋਏ ਕਿ ਮੱਨੁਖ ਭਾਵੇਂ ਬਾਂਦਰਾਂ ਤੋਂ ਅਗੇ ਆਇਆ ਪਰ ਚਿੰਪੈਂਜ਼ੀ ਦੀਆਂ ਅੰਤੜੀਆਂ ਓਨਾਂ ਮੀਟ ਨਹੀਂ ਪਚਾ ਸਕਦੀਆਂ ਜਿੰਨਾ ਮਨੁਖ ਪਚਾ ਸਕਦਾ ਹੈ। ਇਸੇ ਨਾਲ ਹੌਲੀ-ਹੌਲੀ ਮੌਜੂਦਾ ਮਨੁਖ ਦੀ ਹੋਂਦ ਹੋਈ।



ਜਾਨਵਰਾਂ ਦਾ ਮਾਸ ਲੰਮੇ ਸਮੇਂ ਤਕ ਤਾਕਤ ਦਿੰਦਾ ਸੀ ਅਤੇ ਭੁਖ ਕਾਬੂ ਰਖਦਾ ਸੀ। ਸਮੁੰਦਰੀ ਜੀਵ ਦਿਮਾਗ਼ ਨੂੰ ਪ੍ਰਫੁਲਿਤ ਕਰਦੇ ਰਹੇ। ਇਸੇ ਲਈ ਤਾਕਤ ਵਧਾਉਣ ਵਿਚ ਵੀ ਇਸ ਖ਼ੁਰਾਕ ਨੇ ਮਦਦ ਕੀਤੀ।

ਵਿਲਕਿਨਜ਼ ਦੀ ਸੰਨ 2012 ਦੀ ਰਿਪੋਰਟ ਅਨੁਸਾਰ 71,000 ਸਾਲ ਪਹਿਲਾਂ ਸ਼ਿਕਾਰ ਲਈ ਕਈ ਨਵੇਂ ਤੇ ਤਿੱਖੇ ਔਜ਼ਾਰ ਬਣੇ। ਖੋਜੀਆਂ ਅਨੁਸਾਰ ਮਾਸ ਦੀ ਘਾਟ ਨੇ ਹੌਲੀ-ਹੌਲੀ ਜੜ੍ਹੀਆਂ ਬੂਟੀਆਂ, ਕੀੜੇ, ਫਲਾਂ ਵਲ ਪੁਰਾਤਨ ਮਨੁੱਖ ਨੂੰ ਤੋਰਿਆ।ਲਗਭਗ 205 ਖੋਜਾਂ ਦੁਨੀਆ ਦੇ ਵਖੋ-ਵਖ ਹਿਸਿਆਂ ਵਿਚ ਹੋਈਆਂ ਜਿਨ੍ਹਾਂ ਨੇ ਮਨੁੱਖੀ ਅੰਤੜੀਆਂ ਦੇ ਨਾਲ ਹੋਰ ਅੰਗਾਂ ਦੇ ਕੰਮ ਵਿਚ ਵੀ ਸ਼ਾਕਾਹਾਰੀ ਖ਼ੁਰਾਕ ਨਾਲ ਤਬਦੀਲੀ ਲਭੀ।ਜਿੰਨੇ ਫਲਾਂ ਅਤੇ ਸਬਜ਼ੀਆਂ ਦੇ ਅੰਸ਼ ਆਦਿ ਮਨੁੱਖ ਸਮੇਂ ਦੇ ਲਭੇ ਹਨ, ਉਨ੍ਹਾਂ ਵਿਚੋਂ ਲਗਭਗ 90% ਹੁਣ ਬਦਲੀ ਨੁਹਾਰ ਵਾਲੇ ਹਨ। ਫਲਾਂ ਅਤੇ ਸਬਜ਼ੀਆਂ ਦੇ ਬੀਜੇ ਜਾਣ ਬਾਅਦ ਹੀ ਇਹ ਤਬਦੀਲੀਆਂ ਦਿਸਣੀਆਂ ਸ਼ੁਰੂ ਹੋਈਆਂ। ਲਗਭਗ 8000 ਤੋਂ 10,000 ਸਾਲ ਪਹਿਲਾਂ ਤੋਂ ਹੀ ਸਬਜ਼ੀਆਂ, ਜਿਵੇਂ ਕੇਲ ਪੱਤੇ ਜਾਂ ਬਰੌਕਲੀ, ਦੀ ਹਰ ਸਦੀ ਹੁੰਦੀ ਤਬਦੀਲੀ ਲਭੀ ਗਈ। ਇੰਜ ਹੀ ਪੱਤਗੋਭੀ, ਕੋਹਲਰਬੀ, ਜੰਗਲੀ ਗਾਜਰਾਂ ਆਦਿ, ਦੀਆਂ ਬਦਲੀਆਂ ਸ਼ਕਲਾਂ ਅਤੇ ਬਦਲੇ ਅੰਸ਼ ਨਜ਼ਰੀਂ ਪਏ।ਪਹਿਲਾਂ ਬੀਜੀ ਗਈ ਗਾਜਰ ਗਾੜ੍ਹੀ ਜਾਮਨੀ ਰੰਗ ਦੀ ਹੁੰਦੀ ਸੀ ਜੋ ਸਦੀਆਂ ਬਾਅਦ ਹੁਣ ਵਖ ਰੰਗ ਦੀ ਦਿਸਦੀ ਹੈ। ਗਾਜਰੀ ਰੰਗ ਲਗਭਗ ਸਤਾਹਰਵੀਂ ਸਦੀ ਵਿਚ ਬਦਲਿਆ ਲਭਿਆ।

ਪਹਿਲਾਂ ਬਹੁਤ ਲੰਮੀਆਂ ਅਤੇ ਮੋਟੀਆਂ ਫਲੀਆਂ ਹੁੰਦੀਆਂ ਸਨ ਜਿਨ੍ਹਾਂ ਵਿਚ ਵਧੀਆ ਤੱਤ ਲਬਾਲਬ ਭਰੇ ਹੁੰਦੇ ਸਨ।

ਹੁਣ ਵਿਚ ਓਨੇ ਵਧੀਆ ਤੱਤ ਨਹੀਂ ਬਚੇ। ਫਲਾਂ ਵਿਚ ਬਹੁਤੀ ਜ਼ਿਆਦਾ ਤਬਦੀਲੀ ਨਹੀਂ ਹੋਈ। ਕਈ ਮਿਲੀਅਨ ਸਾਲਾਂ ਤੋਂ ਮਿਠੇ ਫਲ ਹੀ ਲਾਉਣ ਦਾ ਜਤਨ ਰਿਹਾ ਤਾਂ ਜੋ ਇਨ੍ਹਾਂ ਤੋਂ ਮਨੁਖ ਅਤੇ ਜਨੌਰ ਦੂਰ-ਦੂਰ ਤਕ ਬੀਜ ਖਿੰਡਾ ਸਕਣ। ਸਬਜ਼ੀਆਂ ਵਿਚ ਖਿਚ ਪਾਉਣ ਵਾਲਾ ਅੰਸ਼ ਨਹੀਂ ਸੀ, ਜਿਸ ਸਦਕਾ ਉਨ੍ਹਾਂ ਵਿਚ ਬਹੁਤ ਜ਼ਿਆਦਾ ਤਬਦੀਲੀਆਂ ਦਿਸੀਆਂ। ਮੌਜੂਦਾ ਫਲ ਭਾਵੇਂ ਪੱਥਰ ਯੁਗ ਸਮੇਂ ਵੀ ਸਨ ਪਰ ਇਨ੍ਹਾਂ ਵਿਚ ਬੇਅੰਤ ਤਬਦੀਲੀਆਂ ਹੋਈਆਂ ਹਨ। ਮਨੁਖੀ ਸੁਭਾਅ ਨੇ ਇਨ੍ਹਾਂ ਨੂੰ ਮਿੱਠਾ, ਵੱਡਾ, ਛੋਟਾ ਅਤੇ ਜੀਨ ਆਧਾਰਿਤ ਬਦਲਾਓ ਲਿਆ ਕੇ ਹੁਣ ਦੇ ਫਲਾਂ ਦੀਆਂ ਅਨੇਕ ਕਿਸਮਾਂ ਲਿਆ ਧਰੀਆਂ ਹਨ। ਇਨ੍ਹਾਂ ਵਿਚ ਸਿਹਤਮੰਦ ਤੱਤ ਓਨੇ ਨਹੀਂ ਰਹੇ ਜਿੰਨੇ ਪਹਿਲਾਂ ਸਨ।

ਸਪਰੇਅ ਅਤੇ ਕੈਮੀਕਲਾਂ ਨੇ ਵੀ ਨਾਸ ਮਾਰਨ ਵਿਚ ਅਹਿਮ ਰੋਲ ਅਦਾ ਕੀਤਾ। ਕੁਝ ਖੋਜੀਆਂ ਨੇ ਦੱਸਿਆ ਕਿ ਕਈ ਕਿਸਮਾਂ ਦੀਆਂ ਜੜ੍ਹੀਆਂ ਬੂਟੀਆਂ ਜੋ ਆਦਿ ਮਨੁਖ ਖਾਂਦਾ ਰਿਹਾ, ਉਹ ਹੁਣ ਨਹੀਂ ਲਭਦੀਆਂ। ਉਨ੍ਹਾਂ ਬੂਟਿਆਂ, ਜੜ੍ਹਾਂ ਜਾਂ ਫੁਲਾਂ ਨਾਲ ਰਲਦੀਆਂ ਮਿਲਦੀਆਂ ਕਿਸਮਾਂ ਹਾਲੇ ਵੀ ਲਭ ਜਾਂਦੀਆਂ ਹਨ। ਅਮਰੀਕਨ ਨੈਚੁਰੈਲਿਸਟ ਜਰਨਲ ਦੇ ਜੁਲਾਈ 1885 ਦੇ ਅੰਕ ਵਿਚ ਕੁਝ ਅਹਿਮ ਖੁਲਾਸੇ ਛਪੇ ਸਨ ਜਿਨ੍ਹਾਂ ਨੂੰ ਡਾ. ਲੈਸਟਰ ਅਤੇ ਵਾਰਡ ਨੇ ਛਾਪਿਆ ਸੀ। ਪਰ 17-ਵੀਂ ਸਦੀ ਵਿਚ ਲਭੇ ਪੱਥਰਾਂ ਉੱਤੇ ਜੜ੍ਹਾਂ-ਬੂਟੀਆਂ ਦੇ ਨਿਸ਼ਾਨ, ਜੋ ਹੜ੍ਹਾਂ ਨਾਲ ਰੁੜ੍ਹ ਕੇ ਆ ਕੇ ਛਪੇ ਸਨ, ਬਾਅਦ ਵਿਚ ਸਦਾ ਲਈ ਅਲੋਪ ਹੋ ਗਏ ਤੇ ਫਿਰ ਨਹੀਂ ਲਭੇ। ਕੁਝ ਬੂਟੀਆਂ ਜ਼ਹਿਰੀਲੀਆਂ ਸਨ ਅਤੇ ਕੁਝ ਉਮਰ ਲੰਮੀ ਕਰਨ ਦੇ ਅੰਸ਼ ਲੁਕਾਈ ਬੈਠੀਆਂ ਸਨ। ਸੋਲਾਂ ਸਾਲ ਖੋਜ ਕਰਨ ਬਾਅਦ ਅਨੇਕ ਕਿਸਮਾਂ ਦੇ ਬੂਟੇ ਲਭੇ ਜੋ ''ਪੈਰਿਸ ਮਿਊਜ਼ੀਅਮ ਔਫ ਨੈਚੂਰਲ ਹਿਸਟਰੀ'' ਵਿਚ ਰਖੇ ਗਏ ਹਨ।

ਸੰਨ 1831 ਤੋਂ 1837 ਦੌਰਾਨ ''ਫੌਸਿਲ ਫਲੋਰਾ ਔਫ ਗਰੇਟ ਬ੍ਰਿਟੇਨ'' ਬਾਰੇ ਖੋਜੀ ਵਿਲੀਅਮ ਹਟਨ ਨੇ ਵੀ ਬੂਟਿਆਂ, ਸਬਜ਼ੀਆਂ, ਪੱਤਿਆਂ ਦੇ ਵਿਚ ਲੁਕੇ ਕਮਾਲ ਦੇ ਤੱਤਾਂ ਬਾਰੇ ਦੱਸ ਕੇ ਹਨ੍ਹੇਰੀ ਲਿਆ ਦਿਤੀ। ਕਿਵੇਂ ਪਾਰਕਿਨਸਨ ਵਰਗੇ ਰੋਗ ਦੇ ਲੱਛਣ ਇਕ ਕਿਸਮ ਦੇ ਕੈਕਟਸ ਨਾਲ ਹੋ ਵੀ ਸਕਦੇ ਸਨ ਅਤੇ ਦੂਜੇ ਪਾਸੇ ਕੈਂਸਰ ਤਕ ਦੇ ਸੈੱਲਾਂ ਨੂੰ ਕਾਬੂ ਕਰਨ ਦੀ ਤਾਕਤ ਵੀ ਰਖਦੇ ਸਨ। ਇਹੋ ਜਿਹੇ ਬੇਸ਼ਕੀਮਤੀ ਲਗਭਗ 4000 ਕਿਸਮਾਂ ਦੇ ਪੱਤੇ, ਜੜ੍ਹੀਆਂ-ਬੂਟੀਆਂ ਹੁਣ ਦੁਨੀਆ ਦੇ ਕਿਸੇ ਹਿਸੇ ਵਿਚ ਨਹੀਂ ਲਭਦੇ। ਮੌਸਮੀ ਤਬਦੀਲੀ, ਸੋਕਾ, ਹੜ੍ਹ, ਜਵਾਲਾਮੁਖੀ ਦਾ ਫਟਣਾ, ਜੰਗਲ ਦੀ ਅੱਗ ਆਦਿ, ਅਨੇਕ ਕਾਰਨਾਂ ਸਦਕਾ ਇਹੋ ਜਿਹਾ ਵਰਤਾਰਾ ਹੋਇਆ।

ਖੋਜ ਤੋਂ ਕੁਝ ਨਵੇਂ ਤਥ ਸਾਹਮਣੇ ਆ ਰਹੇ ਹਨ। ਅਣਗਿਣਤ ਦਵਾਈਆਂ ਦਰੱਖ਼ਤਾਂ ਜਾਂ ਜੜੀਆਂ-ਬੂਟੀਆਂ ਤੋਂ ਹਾਲੇ ਵੀ ਬਣਾਈਆਂ ਜਾ ਰਹੀਆਂ ਹਨ। ਜਿਗਰ, ਅੰਤੜੀਆਂ, ਦਿਲ ਅਤੇ ਗੁਰਦਿਆਂ ਨੂੰ ਸਿਹਤਮੰਦ ਰਖਣ ਵਿਚ ਸ਼ਾਕਾਹਾਰੀ ਖ਼ੁਰਾਕ ਦਾ ਅਹਿਮ ਰੋਲ ਹੈ। ਮਨੁਖੀ ਸਰੀਰ ਅੰਦਰਲੀਆਂ ਸੈਂਕੜੇ ਤਬਦੀਲੀਆਂ ਬਾਅਦ ਵੀ ਹਾਲੇ ਤਕ ਅੰਦਰੂਨੀ ਬਣਤਰ ਕਾਇਮ ਹੈ, ਯਾਨਿ ਮਨੁੱਖ ਮਾਸ-ਮੱਛੀ ਹਜ਼ਮ ਕਰ ਸਕਣ ਯੋਗ ਹੈ। ਲੰਮੀ ਉਮਰ ਭੋਗਣ ਦਾ ਰਾਜ਼ ਸਮੋਏ ਬੂਟੇ ਵੀ ਮਨੁੱਖੀ ਜ਼ਿੰਦਗੀ ਦਾ ਅਹਿਮ ਹਿੱਸਾ ਹਨ। ਖੋਜਾਂ ਤੋਂ ਵਿਸ਼ਵ ਸਿਹਤ ਸੰਸਥਾ ਨੇ ਸਪਸ਼ਟ ਕੀਤਾ ਹੈ ਕਿ ਮੀਟ ਨੂੰ ਲੰਮੇ ਸਮੇਂ ਤਕ ਤਰੋਤਾਜ਼ਾ ਰਖਣ ਲਈ ਅਤੇ ਪ੍ਰੋਸੈੱਸਡ ਮੀਟ ਬਣਾ ਕੇ ਵੇਚਣ ਲਈ ਜੋ ਅੰਸ਼ (ਹੈਟਰੋਸਾਈਕਲਿਕ ਅਮੀਨ, ਪੌਲੀਸਾਈਕਲਿਕ ਐਰੋਮੈਟਿਕ ਹਾਈਡਰੋਕਾਰਬਨ ਅਤੇ ਐਨ. ਨਾਈਟਰੋਸੋ ਕੰਪਾਊਂਡ) ਪਾਏ ਜਾਂਦੇ ਹਨ, ਉਹ ਅੰਤੜੀਆਂ ਦੇ ਕੈਂਸਰ ਦਾ ਮੁਖ ਕਾਰਨ ਹਨ। ਪ੍ਰੋਸੈੱਸਡ ਮੀਟ ਜਿਵੇਂ ਸੌਸੇਜ, ਹੌਟ ਡੌਗ, ਬੀਫ, ਸਲਾਮੀ ਆਦਿ ਖਾਣ ਨਾਲ ਅੰਤੜੀਆਂ ਤੇ ਪੇਟ ਦੇ ਕੈਂਸਰ ਦਾ ਖ਼ਤਰਾ 20 ਗੁਣਾ ਵਧ ਸਕਦਾ ਹੈ।

ਮੀਟ ਨੂੰ ਤਾਜ਼ਾ ਪੂਰਾ ਪਕਾ ਕੇ ਖਾਧਾ ਜਾ ਸਕਦਾ ਹੈ ਪਰ ਸਬਜ਼ੀਆਂ ਦੀ ਅਹਿਮੀਅਤ ਘਟ ਨਹੀਂ ਹੈ। ਵਿਸ਼ਵ ਸਿਹਤ ਸੰਸਥਾ ਵਲੋਂ ਜਾਰੀ ਵਾਰਨਿੰਗ ਸਦਕਾ ਹੁਣ ਬਰਗਰ ਆਦਿ ਵਿਚ ਵੀ ਪੱਤੇ, ਖੀਰਾ, ਟਮਾਟਰ ਵਗੈਰਾ ਪਾਉਣ ਨੂੰ ਤਰਜੀਹ ਦਿਤੀ ਜਾਣ ਲਗ ਪਈ ਹੈ।

**ਸਾਰ** :- ਤਾਜ਼ਾ ਮੀਟ ਮੱਛੀ ਜਿਥੇ ਪੱਥਰ ਯੁਗ ਤੋਂ ਮਨੁੱਖ ਦਾ ਭੋਜਨ ਰਿਹਾ, ਉੱਥੇ ਸਬਜ਼ੀਆਂ ਅਤੇ ਫਲਾਂ ਤੋਂ ਬਗ਼ੈਰ ਲੰਮੀ ਉਮਰ ਭੋਗਣੀ ਸੰਭਵ ਹੀ ਨਹੀਂ। 'ਫਰੋਜ਼ਨ' ਚੀਜਾਂ ਅਤੇ ਪ੍ਰੋਸੈੱਸਡ ਮੀਟ ਤੋਂ ਤੌਬਾ ਕਰਨੀ ਹੀ ਪਵੇਗੀ। ਜੀਨ ਆਧਾਰਿਤ ਏਨੀ ਖੋਜ ਹੋਈ ਹੈ ਕਿ ਬੂਟਿਆਂ ਵਿਚ ਰੌਸ਼ਨੀ ਪੈਦਾ ਕਰਨ ਵਾਲੇ ਜੀਨ ਵਾੜ੍ਹ ਕੇ ਅੱਧਾ ਬੂਟਾ ਅੱਧਾ ਕੀੜਾ, 'ਹਾਈਡਰਾ', ਦੇ ਜੀਨ ਕੱਢ ਕੇ ਹੁਣ ਮਨੁੱਖ ਆਪਣੀ ਉਮਰ ਲੰਮੀ ਕਰਨ ਵਿਚ ਜੁਟਿਆ ਹੈ। ਜੇ ਸਫਲ ਹੋ ਗਏ ਤਾਂ ਮਨੁੱਖ 1400 ਸਾਲ ਤਕ ਆਮ ਹੀ ਜੀਅ ਸਕੇਗਾ। ਇਹ ਹੁੰਦਾ ਹੈ ਫਾਇਦਾ ਕੁਦਰਤੀ ਸੁਗ਼ਾਤ ਮੰਨੇ ਜਾਂਦੇ ਬੂਟਿਆਂ ਨੂੰ ਬਚਾ ਕੇ ਰਖਣ ਦਾ।

# ਸਿੱਖ ਧਰਮ ਵਿੱਚ ਵਿੱਦਿਆ ਪਸਾਰ ਦੀ ਚੇਤਨਾ

ਪਿਆਰਾ ਸਿੰਘ ਕੁੱਦੋਵਾਲ, ਬ੍ਰੈਮਟੰਨ (ਕੈਨੇਡਾ)

**ਵਿਦਿਆ ਵੀਚਾਰੀ ਤਾਂ ਪਰਉਪਕਾਰੀ ॥ ਆਸਾ ਮਹਲਾ ੧ ਅੰਗ 356**

ਦੂਸਰਿਆਂ ਨੂੰ ਗਿਆਨ ਪ੍ਰਦਾਨ ਕਰਨ ਅਤੇ ਦੂਸਰਿਆਂ ਤੋਂ ਗਿਆਨ ਪ੍ਰਾਪਤ ਕਰਨ ਦੇ ਕਾਰਜ ਨੂੰ ਵਿੱਦਿਆ ਕਹਿੰਦੇ ਹਨ। ਵਿੱਦਿਆ ਸਾਡਾ ਮਾਨਸਿਕ, ਸਰੀਰਕ, ਸਮਾਜਿਕ ਅਤੇ ਆਰਥਿਕ ਵਿਕਾਸ ਕਰਦੀ ਹੈ। ਵਿੱਦਿਆ ਦੇ ਪ੍ਰਚਾਰ ਤੇ ਪ੍ਰਸਾਰ ਵਿੱਚ ਧਰਮ ਨੇ ਬਹੁਤ ਵੱਡੀ ਮਦਦ ਕੀਤੀ ਹੈ। ਉਦਾਹਰਣ ਦੇ ਤੌਰ ਤੇ ਵਿੱਦਿਆ ਪ੍ਰਾਪਤੀ ਲਈ ਗੁਰੂਕੁਲ ਪਰੰਪਰਾ ਬਹੁਤ ਪੁਰਾਣੇ ਸਮਿਆਂ ਤੋਂ ਚਲਦੀ ਆ ਰਹੀ ਹੈ। ਇਹ ਕਾਰਜ ਧਰਮਸ਼ਾਲਾਂ, ਗੁਰਦੁਆਰਿਆਂ, ਮੰਦਰਾਂ, ਮਸਜਦਾਂ, ਸਕੂਲਾਂ, ਕਾਲਜਾਂ, ਵਿਸ਼ਵ-ਵਿਦਿਆਲਿਆਂ ਜਾਂ ਕਿਸੇ ਐਸੇ ਸਥਾਨ ਤੇ ਹੋ ਸਕਦੇ ਹਨ, ਜਿਥੇ ਵਿੱਦਿਆ ਦੇ ਸਾਧਨ ਮੌਜੂਦ ਹੋਣ।

ਵਿੱਦਿਆ ਵਿਕਾਸ ਦੀ ਲਗਾਤਾਰ ਪ੍ਰਕ੍ਰਿਆ ਹੈ ਜਿਸ ਨਾਲ ਅਸੀਂ ਨਵੀਆਂ ਗੱਲਾਂ, ਜੁਗਤਾਂ, ਵਸਤਾਂ, ਸਥਾਨਾਂ ਬਾਰੇ ਜਾਣਦੇ ਹਾਂ। ਭੂਤਕਾਲ ਅਤੇ ਵਰਤਮਾਨ ਦੇ ਅਧਾਰ ਤੇ ਭਵਿੱਖ ਵਿੱਚ ਹੋਣ ਵਾਲੀਆਂ ਸੰਭਾਵੀ ਤਬਦੀਲੀਆਂ ਬਾਰੇ ਸਿੱਖਦੇ ਹਾਂ। ਇਸ ਨਾਲ ਵਰਤਮਾਨ ਤੋਂ ਉਪਰ ਉੱਠ ਕੇ ਸਾਡੇ ਰਹਿਣ ਸਹਿਣ ਦਾ ਪੱਧਰ ਤੇ ਸੋਚਣ ਵਿਚਾਰਨ ਦੇ ਢੰਗ ਬਦਲਦੇ ਹਨ। ਸਭਿਆਚਾਰਕ ਅਤੇ ਸਮਾਜਿਕ ਪਰਿਸਥਿਤੀਆਂ ਬਦਲਦੀਆਂ ਹਨ।

ਪ੍ਰਿੰਸੀਪਲ ਸਤਬੀਰ ਸਿੰਘ ਅਤੇ ਹੋਰ ਵਿਦਵਾਨਾਂ ਅਨੁਸਾਰ ਸਿੱਖ ਧਰਮ ਵਿੱਚ ਗੁਰੂ ਅੰਗਦ ਦੇਵ ਜੀ ਨੇ ਆਧੁਨਿਕ ਸਕੂਲ ਸਿਸਟਮ ਦੀ ਸ਼ੁਰੂਆਤ ਕੀਤੀ ਸੀ। ਉਹਨਾਂ ਨੇ ਗੋਇੰਦਵਾਲ ਸਾਹਿਬ ਵਿਖੇ ਬੱਚਿਆਂ ਨੂੰ ਪੜ੍ਹਾਉਣ ਤੇ ਖਿਡਾਉਣ ਦਾ ਪ੍ਰਬੰਧ ਕੀਤਾ। ਇਸ ਤੋਂ ਇਲਾਵਾ ਗੁਰੂ ਜੀ ਨੇ ਸਿੱਖਾਂ ਵਿੱਚ ਆਪ ਪੜ੍ਹਨ ਤੇ ਅੱਗੇ ਹੋਰਾਂ ਨੂੰ ਪੜ੍ਹਾਉਣ ਦੀ ਪਿਰਤ ਪਾਈ । ਇਹ ਪ੍ਰਥਾ ਸਿੱਖ ਧਰਮ ਦੇ ਮੁੱਢਲੇ ਅਸੂਲਾਂ ਵਿਚੋਂ ਇਕ ਬਣ ਗਈ।

ਗੁਰੂ ਅਰਜਨ ਦੇਵ ਜੀ ਨੇ ਆਪਣੇ ਤੋਂ ਪਹਿਲੇ ਗੁਰੂਆਂ, ਭਗਤਾਂ, ਭੱਟਾਂ, ਸੰਤਾਂ ਅਤੇ ਸਿੱਖਾਂ ਦੀ ਬਾਣੀ ਦਾ ਸੰਕਲਨ ਕਰਕੇ ਆਦਿ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਦੀ ਸੰਪਾਦਨਾ ਕੀਤੀ ਜਿਸ ਨੂੰ ਹੁਣ ਕਰਤਾਰਪੁਰ ਵਾਲੀ ਬੀੜ ਵੀ ਕਿਹਾ ਜਾਂਦਾ ਹੈ। ਬਾਣੀ ਇਕੱਤਰ ਕਰਕੇ ਇਕ ਜਗ੍ਹਵੀ ਾ ਇਕੱਠੀ ਕਰਨਾ ਗਿਆਨ ਪ੍ਰਾਪਤੀ ਲਈ ਇਕ ਮਹਾਨ ਕਾਰਜ ਹੈ। ਭਾਈ ਗੁਰਦਾਸ ਜੀ ਨੇ ਵਾਰਾਂ ਦੀ ਰਚਨਾ ਕੀਤੀ, ਭਾਈ ਨੰਦ ਲਾਲ ਗੋਯਾ ਜੀ ਨੇ ਕਮਾਲ ਦੀਆਂ ਗ਼ਜ਼ਲਾਂ ਦੀ ਰਚਨਾ ਕੀਤੀ। ਪਾਉਂਟਾ ਸਾਹਿਬ ਵਿਖੇ 52 ਕਵੀਆਂ ਨੇ ਵੀ ਦਸਮ ਗੁਰੂ ਜੀ ਦੀ ਅਗਵਾਈ ਹੇਠ ਬਹੁਤ ਸਾਰਾ ਸਾਹਿਤ ਰਚਿਆ ਜਿਸ ਵਿੱਚੋਂ ਬਹੁਤ ਸਾਰਾ ਨਸ਼ਟ ਵੀ ਹੋ ਗਿਆ। ਗੁਰੂ ਸਾਹਿਬਾਨ ਨੇ ਗੁਰਬਾਣੀ ਅਤੇ ਹੋਰ ਸਾਹਿਤ ਇਸ ਲਈ ਲਿਖਿਆ ਅਤੇ ਲਿਖਵਾਇਆ ਤਾਂ ਕਿ ਸਿੱਖ ਪੜ੍ਹ ਲਿਖ ਕੇ ਗਿਆਨਵਾਨ ਬਣ ਸਕੇ। ਗੁਰੂ ਜੀ ਚਾਹੁੰਦੇ ਸਨ ਕਿ ਉਨ੍ਹਾਂ ਦਾ ਸਿੱਖ ਪੜ੍ਹੇ, ਵਿੱਦਿਆ ਗ੍ਰਹਿਣ ਕਰੇ ਅਤੇ ਲੰਮੀ ਸੋਚ ਦਾ ਧਾਰਨੀ ਬਣੇ।



ਇਕ ਸਾਖੀ ਅਨੁਸਾਰ ਦਸਮ ਪਿਤਾ ਨੇ ਸਿੱਖਾਂ ਨੂੰ ਗੁਰਬਾਣੀ ਦਾ ਸਹੀ ਉਚਾਰਣ ਕਰਨ ਤੇ ਜ਼ੋਰ ਦਿੱਤਾ। ਬਾਣੀ ਪੜ੍ਹਨ ਵੇਲੇ ਅੱਖਰਾਂ ਨਾਲ ਜੁੜੀਆਂ ਲਗਾਂ ਮਾਤਰਾਵਾਂ ਅਤੇ ਉਹਨਾਂ ਦੀਆਂ ਧੁਨੀਆਂ ਨੂੰ ਸਮਝਣ ਦੀ ਤਾਕੀਦ ਕੀਤੀ। ਗਲਤ ਬਾਣੀ ਪੜ੍ਹਨ ਨਾਲ ਸ਼ਬਦਾਂ ਦੇ ਸਹੀ ਅਰਥ ਨਹੀਂ ਨਿਕਲਣਗੇ । ਇਸੇ ਕਰਕੇ ਹੀ ਸੰਥਿਆ ਲੈਣ ਅਤੇ ਦੇਣ ਦੀ ਪ੍ਰਥਾ ਸ਼ੁਰੂ ਕੀਤੀ ਗਈ, ਜੋ ਅੱਜ ਤੱਕ ਪ੍ਰਚਲਤ ਹੈ। ਸੰਥਿਆ ਲੈ ਕੇ ਬਾਣੀ ਪੜ੍ਹਨ ਵਾਲਾ ਪਾਠੀ ਜਿਵੇਂ ਡਿਗਰੀ ਹੋਲਡਰ ਹੋ ਜਾਂਦਾ ਹੈ।

ਮਹਾਰਾਜਾ ਰਣਜੀਤ ਸਿੰਘ ਇਕ ਦੂਰ ਅੰਦੇਸ਼ੇ, ਸੂਝਵਾਨ ਅਤੇ ਸਿੱਖ ਧਰਮ ਤੋਂ ਪ੍ਰੇਰਿਤ ਸ਼ਖਸੀਅਤ ਸਨ। ਉਨ੍ਹਾਂ ਨੇ ਸ਼ਾਹੀ ਹਕੀਮ ਫਕੀਰ ਨੂਰ ਦੀਨ ਜੀ ਤੋਂ ਕਾਇਦਾ-ਏ-ਨੂਰ ਤਿਆਰ ਕਰਵਾ ਕੇ ਆਪਣੇ ਰਾਜ ਕਾਲ ਵਿੱਚ ਮੁੱਢਲੀ ਪੜ੍ਹਾਈ ਦਾ ਆਰੰਭ ਕੀਤਾ। ਉਹਨਾਂ ਦੇ ਰਾਜ ਵਿੱਚ 80% ਲੋਕ ਪੜ੍ਹੇ ਲਿਖੇ ਸਨ। ਸ਼ੇਰੇ ਪੰਜਾਬ ਦੇ ਯਤਨਾਂ ਕਰਕੇ ਉਹਨਾਂ ਦੇ ਰਾਜ ਕਾਲ ਵਿੱਚ ਵਿੱਦਿਆ ਦਾ ਪਸਾਰ ਹੋ ਸਕਿਆ। ਗੁਰਬਾਣੀ ਵਿਚ ਲਿਖਿਆ ਹੈ;

**ਗੁਰ ਪਰਸਾਦੀ ਵਿਦਿਆ ਵੀਚਾਰੈ ਪੜਿ ਪੜਿ ਪਾਵੈ ਮਾਨੁ** ॥ਪ੍ਰਭਾਤੀ ਮ:੧, ਅੰਗ 1329॥

ਅਮਰੀਕਾ ਵਿੱਚ ਹੋਏ ਇਕ ਸਰਵੇ ਅਨੁਸਾਰ ਜੋ ਲੋਕ ਧਰਮ ਨੂੰ ਅਪਨਾਉਂਦੇ ਹਨ ਉਹਨਾਂ ਦੇ ਬੱਚੇ ਪੜ੍ਹਾਈ ਵਿੱਚ ਵਧੀਆ ਗਰੇਡ ਲੈ ਕੇ ਪਾਸ ਹੁੰਦੇ ਹਨ ਅਤੇ ਉੱਚ ਵਿੱਦਿਆ ਹਾਸਲ ਕਰਦੇ ਹਨ। ਇਸ ਦੀਆਂ ਅਣਗਿਣਤ ਮਿਸਾਲਾਂ ਸਿੱਖ ਸਮਾਜ ਵਿਚ ਮਿਲਦੀਆਂ ਹਨ।

ਹਰ ਉੱਚਾ-ਨੀਵਾਂ, ਗੋਰਾ-ਕਾਲਾ, ਅਮੀਰ-ਗਰੀਬ, ਔਰਤ-ਮਰਦ, ਬੱਚਾ-ਬੁੱਢਾ-ਜਵਾਨ, ਤਕੜਾ-ਮਾੜਾ, ਸੁਹਣਾ-ਕੁਸੁਹਣਾ, ਪੜ੍ਹਿਆ-ਅਨਪੜ੍ਹ ਜਿਵੇਂ ਧਰਮ ਦੀ ਨਜ਼ਰ ਵਿੱਚ ਸਮਾਨ ਹਨ ਉਵੇਂ ਹੀ ਵਿੱਦਿਆ ਪ੍ਰਾਪਤੀ ਲਈ ਬਰਾਬਰ ਦੇ ਹੱਕਦਾਰ ਹਨ । ਵਿੱਦਿਆ ਹਾਸਲ ਕਰਨ ਦਾ ਹੱਕ ਹਰ ਦੇਸ਼ ਦਾ ਸੰਵਿਧਾਨ ਦਿੰਦਾ ਹੈ।

**ਜੋ ਪ੍ਰਾਣੀ ਗੋਵਿੰਦ ਧਿਆਵੈ॥ ਪੜਿਆ ਅਣਪੜਿਆ ਪਰਮ ਗਤਿ ਪਾਵੈ**॥ ਗਉੜੀ ਮਹਲਾ ੫, ਅੰਗ197॥

ਵਿੱਦਿਆ ਇਨਸਾਨ ਨੂੰ ਸ਼ੁਭ ਅਮਲਾਂ ਵਾਲਾ ਬਣਾਉਂਦੀ ਹੈ। ਜੇ ਕੋਈ ਪੜ੍ਹ ਲਿਖ ਕੇ ਸਮਾਜ ਲਈ ਉਸਾਰੂ ਕਾਰਜ ਨਹੀਂ ਕਰਦਾ, ਹੈਂਕੜ ਅਤੇ ਲੋਭ ਲਾਲਚ ਵਿੱਚ ਜਨਤਾ ਨੂੰ ਤੰਗ ਪਰੇਸ਼ਾਨ ਕਰਦਾ ਹੈ, ਤਾਂ

**ਪੜਿਆ ਮੂਰਖੁ ਆਖੀਐ ਜਿਸੁ ਲਬੁ ਲੋਭੁ ਅਹੰਕਾਰਾ॥** (ਅੰਗ 140, ਰਾਗ ਮਾਝ ਮਹਲਾ ੧)

**ਫਰੀਦਾ ਜੇ ਤੂ ਅਕਲਿ ਲਤੀਫੁ ਕਾਲੇ ਲਿਖੁ ਨ ਲੇਖ ॥ਆਪਨੜੇ ਗਿਰੀਵਾਨ ਮਹਿ ਸਿਰੁ ਨੀਂਵਾਂ ਕਰਿ ਦੇਖੁ ॥** (ਸਲੋਕ ਸੇਖ ਫਰੀਦ ਕੇ ਅੰਗ 1378)

ਸਹੀ ਗਿਆਨ ਤਾਂ ਹੀ ਹਾਸਲ ਹੁੰਦਾ ਹੈ ਜੇ ਦੁਨਿਆਵੀ ਵਿੱਦਿਆ ਦੇ ਨਾਲ ਗੁਰਬਾਣੀ ਦਾ ਗਿਆਨ ਵੀ ਲਈਏ। ਗੁਰਬਾਣੀ ਸਾਨੂੰ ਆਤਮਿਕ ਬਲ ਦੇ ਕੇ ਆਪਣਾ ਅਤੇ ਹੋਰਾਂ ਦਾ ਜੀਵਨ ਸੰਵਾਰਨ ਵਿੱਚ ਮਦਦ ਦਿੰਦੀ ਹੈ। ਸਮਾਜਿਕ ਕੁਰੀਤੀਆਂ, ਵਹਿਮਾਂ-ਭਰਮਾਂ, ਧਾਰਮਕ ਸ਼ੋਸ਼ਣ ਅਤੇ ਫੋਕੇ ਹੰਕਾਰ ਤੇ ਬਚਾਉਂਦੀ ਹੈ।

**ਅਨਹਦ ਬਾਣੀ ਪਾਈਐ ਤਹ ਹਉਮੈ ਹੋਇ ਬਿਨਾਸੁ॥** (ਸਿਰੀ ਰਾਗ ਮ:੧, ਅੰਗ 20)

ਸਮਾਜਿਕ ਬਰਾਬਰੀ ਸਮਾਜਿਕ ਰਿਸ਼ਤਿਆਂ ਨੂੰ ਨਿਰਧਾਰਤ ਕਰਦੀ ਹੈ। ਜੋ ਵੀ ਇਨਸਾਨ ਸਹੀ ਉਪਦੇਸ਼ ਆਪਣੇ ਮਨ ਵਿੱਚ ਵਸਾ ਲੈਂਦਾ ਹੈ ਉਹ ਸਭ ਨੂੰ ਬਰਾਬਰ ਸਮਝਦਾ ਹੈ। ਇਤਿਹਾਸ ਵਿੱਚ ਐਸੇ ਲੋਕਾਂ ਦਾ ਹੀ ਨਾਮ ਦਰਜ਼ ਹੁੰਦਾ ਹੈ। ਅਜੋਕੇ ਯੁਗ ਵਿੱਚ ਮਦਰ ਟੇਰੇਸਾ, ਖਾਲਸਾ ਏਡ ਵਾਲੇ ਰਵੀ ਸਿੰਘ ਖਾਲਸਾ, ਦਿੱਲੀ ਦੇ ਸੈਂਕੜੇ ਸਿੱਖਾਂ ਨੇ ਕੋਵਿਡ ਨਾਲ ਮਰਨ ਵਾਲੇ ਲੋਕਾਂ ਦਾ ਬੇਝਿਜਕ, ਬਿਨਾ ਵਿਤਕਰੇ ਮੁਫ਼ਤ ਸਸਕਾਰ ਕੀਤਾ। ਸਭ ਤੋਂ ਅਦੁੱਤੀ ਇਤਿਹਾਸਕ ਮਿਸਾਲ ਭਾਈ ਘਨੱਈਆ ਜੀ ਦੀ ਹੈ।

**ਹਰਖੁ ਸੋਗੁ ਜਾ ਕੈ ਨਹੀ ਬੈਰੀ ਮੀਤ ਸਮਾਨਿ ॥ਕਹੁ ਨਾਨਕ ਸੁਨਿ ਰੇ ਮਨਾ ਮੁਕਤਿ ਤਾਹਿ ਤੈ ਜਾਨਿ ॥** (ਅੰਗ 1427)

ਵਿੱਦਿਆ ਸਾਨੂੰ ਆਪਣੇ ਅਧਿਕਾਰਾਂ ਅਤੇ ਕਰਤਵਾਂ ਦਾ ਗਿਆਨ ਦੇ ਕੇ ਸਾਡੀ ਕਾਰਜ ਕੁਸ਼ਲਤਾ ਵਿੱਚ ਵਿਕਾਸ ਕਰਦੀ ਹੈ। ਅਸੀਂ ਕੀ ਕਰਨਾ ਤੇ ਕੀ ਨਹੀਂ ਕਰਨਾ ਦੀ ਸੋਝੀ ਦਿੰਦੀ ਹੈ। ਇਕ ਐਸੀ ਦਵਾਈ ਹੈ ਜੋ ਸਮਾਜਿਕ ਕੋਹੜ ਨੂੰ ਠੀਕ ਕਰਦੀ ਹੈ।

**ਸਭੁ ਕੋ ਮੀਤੁ ਹਮ ਆਪਨ ਕੀਨਾ ਹਮ ਸਭਨਾ ਕੇ ਸਾਜਨ ॥**ਧਨਾਸਰੀ ਮਹਲਾ ੫, ਅੰਗ 671॥

ਬਹੁਤ ਸਾਰੇ ਦੇਸ਼ਾਂ ਨੇ ਵਿੱਦਿਆ ਦੇ ਪ੍ਰਸਾਰ ਨਾਲ ਆਰਥਿਕ, ਸਿਹਤ, ਸਮਾਜਿਕ ਮਾਨਤਾਵਾਂ ਤੇ ਸਮਾਨਤਾਵਾਂ ਅਤੇ ਸਭਿਆਚਾਰ ਵਿੱਚ ਇਨਕਲਾਬੀ ਤਰੱਕੀ ਕੀਤੀ ਹੈ। ਅੱਜ ਸਾਡੇ ਮੁਲਕ ਦੇ ਵਿਦਿਆਰਥੀ ਦੂਸਰੇ ਮੁਲਕਾਂ ਵਿੱਚ ਵਿੱਦਿਆ ਪ੍ਰਾਪਤ ਕਰਕੇ ਚੰਗੀਆਂ ਨੌਕਰੀਆਂ ਤੇ ਵਪਾਰ ਕਰ ਰਹੇ ਹਨ। ਵਿਦਿਆ ਨਾਲ ਉਸਾਰੂ ਸੋਚ ਤੇ ਨਵੀਆਂ ਸ਼ਕਤੀਆਂ ਦਾ ਸੰਚਾਰ ਹੁੰਦਾ ਹੈ।

ਵਿੱਦਿਆ ਪ੍ਰਾਪਤੀ ਨਾਲ ਅਸੀਂ ਅਨਿਆਂ, ਭਰਿਸ਼ਟਾਚਾਰ, ਔਰਤਾਂ ਬੱਚਿਆਂ ਬਜ਼ੁਰਗਾਂ ਉਪਰ ਹੁੰਦੀ ਹਿੰਸਾ ਅਤੇ ਅਨੇਕਾਂ ਸਮਾਜਿਕ ਬੁਰਾਈਆਂ ਨਾਲ ਲੜਨ ਲਈ ਤਾਕਤ ਹਾਸਲ ਕਰਦੇ ਹਾਂ। ਸਾਡੇ ਅੰਦਰ ਜ਼ਿੰਦਗੀ ਨੂੰ ਇਕ ਬਿਹਤਰ ਅਤੇ ਉੱਚੇ ਪੱਧਰ ਨਾਲ ਜੀਉਣ ਦੀ ਇੱਛਾ ਪੈਦਾ ਹੁੰਦੀ ਹੈ। ਆਲਾ ਦੁਆਲਾ ਬਿਹਤਰ ਬਣਾਉਣ ਦੀ ਲਗਨ ਲਗਦੀ ਹੈ।

**ਫਰੀਦਾ ਖਾਲਕੁ ਖਲਕ ਮਹਿ ਖਲਕ ਵਸੈ ਰਬ ਮਾਹਿ॥ਮੰਦਾ ਕਿਸ ਨੋ ਆਖਿਐ ਜਾਂ ਤਿਸੁ ਬਿਨੁ ਕੋਈ ਨਾਹਿ॥** ਸਲੋਕ ਸੇਖ ਫਰੀਦ ਕੇ ਅੰਗ 1381॥

ਸਿੱਖਾਂ ਨੇ ਵਿਦਿਅਕ ਪ੍ਰਸਾਰ ਲਈ ਕਿੰਨੇ ਹੀ ਸਕੂਲ ਕਾਲਜ ਵਿਸ਼ਵ-ਵਿਦਿਆਲਯ ਗੁਰੂ ਸਾਹਿਬਾਨ ਤੇ ਖਾਲਸੇ ਦੇ ਨਾਂ ਉੱਤੇ ਖੋਲ੍ਹ ਕੇ ਇਹ ਕਾਰਜ ਜਾਰੀ ਰੱਖਿਆ ਹੈ। ਵਿੱਦਿਆ ਤਾਂ ਹੀ ਪਰਉਪਕਾਰੀ ਹੋ ਸਕਦੀ ਹੈ ਜੇ ਕਾਰਜਸ਼ੀਲ ਅਤੇ ਕਰਮਸ਼ੀਲ ਹੋਣ ਦੇ ਨਾਲ ਸਰੱਬਤ ਦੇ ਭਲੇ ਲਈ ਹੋਵੇ। ਧਰਮ ਵਿੱਦਿਆ ਦੇ ਪਸਾਰ ਵਿੱਚ ਵੱਡਾ ਯੋਗਦਾਨ ਪਾਉਂਦਾ ਹੈ।

# ਖਾਲਸੇ ਦਾ ਨਿਆਰਾ ਸੰਕਲਪ – ਸਾਜਨਾ ਅਤੇ ਵਿਕਾਸ

ਅੰਮ੍ਰਿਤ ਪਾਲ ਕੌਰ, ਜਲੰਧਰ (ਭਾਰਤ)

**'ਖਾਲਸਾ'** ਸ਼ਬਦ ਦਾ ਅਰਥ ਕੁਦਰਤੀ ਅਤੇ ਇਲਾਹੀ ਹੈ। ਜੋ ਪਰਮਾਤਮਾ ਦੇ ਸਿੱਧਾ ਹੀ ਅਧੀਨ ਹੈ, ਉਹ ਖਾਲਸਾ ਹੈ। ਖਾਲਸਾ ਸਰੂਪ ਵੀ ਕੁਦਰਤੀ ਅਤੇ ਖਾਲਸ ਹੈ। ਗੁਰੂ ਗੋਬਿੰਦ ਸਿੰਘ ਜੀ ਨੇ ਫਰਮਾਇਆ ਹੈ :

**ਖਾਲਸਾ ਮੇਰੋ ਰੂਪ ਹੈ ਖਾਸ॥ਖਾਲਸੇ ਮੈਂ ਹਉ ਕਰੋਂ ਨਿਵਾਸ॥**

ਖਾਲਸਾ ਗੁਰੂ ਨਾਨਕ ਦੇਵ ਜੀ ਤੋਂ ਗੁਰੂ ਗੋਬਿੰਦ ਸਿੰਘ ਜੀ ਤੱਕ ਦੇ ਸਮੇਂ ਦੇ ਇਤਿਹਾਸਿਕ ਪ੍ਰਵਾਹ ਚੋਂ ਉਭਰੇ ਸ਼ਕਤੀਸਾਲੀ ਵਿਅਕੱਤੀਤਵ ਦਾ ਨਾਮ ਹੈ। ਖਾਲਸਾ ਇਕ ਨਵਾਂ ਨਾਮ ਹੈ ਜੋ ਗੁਰੂ ਗੋਬਿੰਦ ਸਿੰਘ ਜੀ ਨੇ 1699 ਦੀ ਵਿਸਾਖੀ ਨੂੰ ਪਹਿਲੇ ਨੌ ਗੁਰੂ ਸਾਹਿਬਾਨ ਦੁਆਰਾ ਉਸਾਰੇ ਗੁਰਮੁਖ ਨੂੰ ਪ੍ਰਦਾਨ ਕੀਤਾ। ਖਾਲਸਾ ਉਸ ਇਲਾਹੀ ਸ਼ਕਤੀ ਦਾ ਵਾਰਸ ਹੈ ਜਿਸਨੇ ਸਮਾਜ ਤੇ ਇਤਿਹਾਸ ਦੀ ਮਾਨਵ-ਵਿਰੋਧੀ ਧਾਰਾ ਨੂੰ ਬਦਲ ਦਿੱਤਾ ਅਤੇ ਜਿਸਨੇ ਸਮਿਆਂ ਦੀ ਕਾਲਖ ਨਾਲ ਜੂਝ ਕੇ ਇਕ ਕੁਰਬਾਨੀਆਂ ਦਾ ਵਿਰਸਾ ਪੈਦਾ ਕੀਤਾ। ਖਾਲਸਾ ਭਾਵ ਨਿਰੋਲ ਬਿਨਾਂ ਮਿਲਾਵਟ ਦੇ ਹੈ।

**ਕਹੁ ਕਬੀਰ ਜਨ ਭਏ ਖਾਲਸੇ ਪ੍ਰੇਮ ਭਗਤਿ ਜਿਹ ਜਾਨੀ॥**( ਅੰਗ 655)

ਖਾਲਸਾ ਸ਼ਬਦ ਉਸ ਨਿਆਰੇ ਵਿਅਕਤੀ ਲਈ ਵਰਤਿਆ ਜਾਂਦਾ ਹੈ ਜੋ ਦਸ ਗੁਰੂ ਸਾਹਿਬਾਨ, ਗੁਰੂ ਗ੍ਰੰਥ ਸਾਹਿਬ, ਸਿੱਖ ਰਹਿਤ ਮਰਯਾਦਾ ਅਤੇ ਸਿੱਖ ਇਤਿਹਾਸ ਨੂੰ ਆਪਣੇ ਜੀਵਨ ਦਾ ਧੁਰਾ ਬਣਾਉਂਦਾ ਹੈ। ਖਾਲਸਾ ਨਿਰਭੈਤਾ, ਸਵੈ-ਵਿਸਵਾਸ਼ ਅਤੇ ਅਣਖੀਲੀ ਜੀਵਨ ਜਾਚ ਦਾ ਲਖਾਇਕ ਹੈ। ਖਾਲਸੇ ਦਾ ਵਿਅੱਕਤੀਤਵ ਰਾਜ ਤੇ ਸਥਾਨ ਸੀਮਾਵਾਂ ਪਾਰ ਕਰ ਜਾਂਦਾ ਹੈ ਤੇ ਉਸ ਵਿੱਚ ਸਵਾ ਲੱਖ ਨਾਲ ਲੜਨ ਦੀ ਅਨੰਤ ਸਮਰੱਥਾ ਆ ਜਾਂਦੀ ਹੈ। 'ਪ੍ਰੇਮ ਸੁਮਾਰਗ' ਦੇ ਕਰਤਾ ਅਨੁਸਾਰ ਖਾਲਸੇ ਦੀਆਂ ਵਿਸ਼ੇਸ਼ਤਾਵਾਂ ਵਿੱਚ ਤਨ, ਮਨ ਤੇ ਧਨ ਗੁਰੂ ਦੇ ਹਵਾਲੇ ਕਰਨਾ, ਹਰਖ ਸੋਗ ਤੋਂ ਨਿਆਰਾ ਹੋਣਾ, ਕਿਸੇ ਦੀ ਮੁਥਾਜਗੀ ਤੋਂ ਰਹਿਤ ਹੋਣਾ, ਸਰੀਰਕ ਇੰਦਰੀਆਂ ਨੂੰ ਵਸੀਕਾਰ ਕਰਨਾ ਸ਼ਾਮਲ ਹੈ। ਖਾਲਸਾ ਉਹ ਵਿਅਕਤੀ ਹੈ ਜਿਸ ਦੇ ਦਿਲ ਵਿੱਚ ਪੂਰਨ ਜੋਤ ਦਾ ਪ੍ਰਕਾਸ਼ ਹੈ। ਜੋ ਸ਼ੁਧ ਤੇ ਪਵਿੱਤਰ ਹਸਤੀ ਦਾ ਮਾਲਕ, ਨੈਤਿਕਤਾ ਦਾ ਮੁਜੱਸਮਾ , ਪਰਾਈ ਨਿੰਦਾ ਦਾ ਤਿਆਗੀ ਅਤੇ ਨਾਮ ਦੇ ਵਿਸਮਾਦੀ ਰੰਗ ਵਿੱਚ ਰੰਗਿਆ ਹੋਵੇ।ਗੁਰੂ ਗੋਬਿੰਦ ਸਿੰਘ ਜੀ ਦਾ ਫੁਰਮਾਨ ਹੈ:



**ਪੂਰਨ ਜੋਤ ਜਗੈ ਘਟ ਮੈ ਤਬ ਖਾਲਸ ਤਾਹਿ ਨਖਾਲਸ ਜਾਨੈ॥**

ਗੁਰੂ ਤੇ ਖਾਲਸੇ ਵਿੱਚ ਕੋਈ ਅੰਤਰ ਨਹੀਂ, ਦੋਵੇਂ ਇੱਕੋ ਸਿੱਕੇ ਦੇ ਦੋ ਪਾਸੇ ਹਨ। ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸਾ ਗੁਰਸਿੱਖਾਂ ਦੇ ਸਮੂਹ ਗੁਰ-ਸੰਗਤ ਨੂੰ ਗੁਰੂ ਗ੍ਰੰਥ ਸਾਹਿਬ ਜੀ ਦੀ ਤਾਬਿਆ ਗੁਰੂ ਪੰਥ ਦਾ ਰੂਪ ਦਿੱਤਾ ਜਿਸ ਵਿੱਚ ਗੁਰੂ ਸਾਹਿਬ ਨੇ ਆਪਣੇ ਆਪ ਨੂੰ ਅਭੇਦ ਕਰ ਦਿੱਤਾ। ਖਾਲਸੇ ਦੀ ਸਿਰਜਨਾ ਵੇਲੇ ਪੰਜ ਪਿਆਰਿਆਂ ਕੋਲੋਂ ਆਪ ਅੰਮ੍ਰਿਤ ਛਕ ਕੇ 'ਆਪੇ ਗੁਰ ਚੇਲਾ' ਦਾ ਰੂਪ ਬਣੇ ਤੇ ਖਾਲਸੇ ਨੂੰ ਗੁਰੂ ਬਣਾ ਲਿਆ। ਇਸ ਖਾਲਸੇ ਨੂੰ ਗੁਰੂ ਜੀ ਨੇ ਅਨੰਤ ਮਾਣ, ਬੇਅੰਤ ਵਡਿਆਈ ਤੇ ਅਜੋੜ ਰੁਤਬਾ ਪ੍ਰਦਾਨ ਕਰਦਿਆਂ ਹੋਇਆਂ ਉਸ ਨੂੰ 'ਖਾਸ ਰੂਪ', 'ਆਪਣਾ ਨਿਵਾਸ ਅਸਥਾਨ', 'ਇਸ਼ਟ ਸੁਹਿਰਦ', 'ਪਿੰਡ ਪਰਾਨ', 'ਜਾਨ ਕੀ ਜਾਨ' 'ਸਾਗਰ-ਬੂੰਦੇਰੋ' ਕਹਿਕੇ ਆਪਣੇ ਤੇ ਖਾਲਸੇ ਵਿੱਚ ਪੂਰਨ ਅਭੇਦਤਾ ਦਾ ਪ੍ਰਗਟਾਵਾ ਕੀਤਾ। ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਚੇਲੇ ਭਾਵ ਖਾਲਸੇ ਨੂੰ ਆਪਣਾ ਖਾਸ ਰੂਪ ਦੱਸ ਕੇ ਇਸ ਨੂੰ ਹੋਣੀਆਂ ਦਾ ਸ਼ਕਤੀਸ਼ਾਲੀ ਸ਼ਾਹ ਸਵਾਰ ਬਣਾ ਦਿੱਤਾ। ਖਾਲਸੇ ਤੇ ਅਕਾਲ ਪੁਰਖ ਦਾ ਸੰਬੰਧ ਕਮਾਂਡਰ ਤੇ ਫੌਜਾਂ ਵਾਲਾ ਹੈ। ਖਾਲਸਾ ਅਕਾਲ ਪੁਰਖ ਦੀ ਅਗਵਾਈ ਤੇ ਅਨੁਸ਼ਾਸਨ ਵਿੱਚ ਚੱਲਣ ਵਾਲੀ ਫੌਜ ਹੈ। ਦਸ਼ਮੇਸ਼ ਗੁਰੂ ਨੇ ਕਰਤਾ ਪੁਰਖ ਦੇ ਆਪਣੇ ਕਮਾਲ ਵਿਚੋਂ ਇਸ ਨੂੰ ਰੂਪ ਪ੍ਰਦਾਨ ਕੀਤਾ। ਖਾਲਸੇ ਦੀ ਗਤੀ, ਦਿਸ਼ਾ ਤੇ ਅਮਲਾਂ ਦੀ ਸੰਚਾਲਕ ਸ਼ਕਤੀ ਅਕਾਲ ਪੁਰਖ ਆਪ ਹੈ। ਗੁਰੂ ਸਾਹਿਬ ਦਾ ਫਰਮਾਨ ਹੈ:

**ਖਾਲਸਾ ਅਕਾਲ ਪੁਰਖ ਕੀ ਫੌਜ॥ਪ੍ਰਗਟਿਓ ਖਾਲਸਾ ਪਰਮਾਤਮ ਕੀ ਮੌਜ॥**

# ਮਾਵਾਂ ਦੀਆਂ ਦੁਆਵਾਂ

ਗੁਰਦੀਸ਼ ਕੌਰ ਗਰੇਵਾਲ, ਕੈਲਗਰੀ (ਕੈਨੇਡਾ)

ਜਦੋਂ ਬੱਚਾ ਇਸ ਦੁਨੀਆਂ ਵਿੱਚ ਜਨਮ ਲੈਂਦਾ ਹੈ ਤਾਂ ਉਸ ਨੂੰ ਸਿਵਾਏ ਰੋਣ ਦੇ ਹੋਰ ਕੁੱਝ ਨਹੀਂ ਆਉਂਦਾ, ਪਰ ਉਦੋਂ ਵੀ ਉਸ ਨੂੰ ਮਾਂ ਦੀ ਮਿੱਠੀ ਪਿਆਰੀ ਤੇ ਨਿੱਘੀ ਗੋਦੀ ਦਾ ਅਹਿਸਾਸ ਜਰੂਰ ਹੁੰਦਾ ਹੈ। ਉਹ ਕਿੰਨਾ ਵੀ ਰੋਂਦਾ ਹੋਵੇ- ਪਰ ਜਦ ਮਾਂ ਉਸ ਨੂੰ ਘੁੱਟ ਕੇ ਹਿੱਕ ਨਾਲ ਲਾ ਲਵੇ ਤਾਂ ਝੱਟ ਚੁੱਪ ਕਰ ਜਾਂਦਾ ਹੈ। ਮਾਂ ਆਪਣੇ ਬੱਚੇ ਲਈ ਹਰ ਦੁੱਖ ਸੁੱਖ ਆਪਣੇ ਤਨ ਤੇ ਜਰਦੀ ਹੈ, ਪਰ ਆਪਣੇ ਬੱਚਿਆਂ ਨੂੰ ਤੱਤੀ ਵਾ ਨਹੀਂ ਲਗਣ ਦਿੰਦੀ। ਮਾਂ ਮਮਤਾ ਦੀ ਮੂਰਤ, ਪਿਆਰ ਦਾ ਸਾਗਰ, ਦਇਆ ਤੇ ਤਿਆਗ ਦੀ ਦੇਵੀ ਹੈ। ਪ੍ਰੋਫੈਸਰ ਮੋਹਨ ਸਿੰਘ ਨੇ ਤਾਂ 'ਮਾਂ' ਨੂੰ ਸਵਰਗ ਤੋਂ ਵੀ ਉੱਚਾ ਦਰਜਾ ਦਿੱਤਾ ਹੈ-

**ਮਾਂ ਵਰਗਾ ਘਣਛਾਵਾਂ ਬੂਟਾ, ਮੈਨੂੰ ਨਜ਼ਰ ਨਾ ਆਏ।**
**ਜਿਸ ਤੋਂ ਲੈ ਕੇ ਛਾਂ ਉਧਾਰੀ, ਰੱਬ ਨੇ ਸੁਰਗ ਬਣਾਏ।**
**ਬਾਕੀ ਕੁੱਲ ਦੁਨੀਆਂ ਦੇ ਬੂਟੇ, ਜੜ੍ਹ ਸੁੱਕਿਆਂ ਮੁਰਝਾਂਦੇ, ਐਪਰ ਫੁੱਲਾਂ ਦੇ ਮੁਰਝਾਇਆਂ, ਇਹ ਬੂਟਾ ਸੁੱਕ ਜਾਏ।**

ਮਾਂ ਦਾ ਪਿਆਰ ਹਰ ਦੁੱਖ ਮੁਸੀਬਤ ਵਿੱਚ ਧਰਵਾਸ ਦਿੰਦਾ ਹੈ। ਜਦੋਂ ਕਦੇ ਕੋਈ ਸੱਟ ਫੇਟ ਲੱਗ ਜਾਵੇ ਤਾਂ ਮੂੰਹੋਂ ਆਪ ਮੁਹਾਰੇ ਹੀ 'ਹਾਏ ਮਾਂ' ਨਿਕਲਦਾ ਹੈ, ਸਭ ਤੋਂ ਪਹਿਲਾਂ ਮਾਂ ਹੀ ਯਾਦ ਆਉਂਦੀ ਹੈ। ਕਹਿੰਦੇ ਹਨ ਕਿ- 'ਰੱਬ ਹਰ ਥਾਂ ਨਹੀਂ ਪਹੁੰਚ ਸਕਦਾ, ਇਸੇ ਲਈ ਉਸ ਨੇ ਮਾਂ ਦੀ ਸਿਰਜਣਾ ਕੀਤੀ!' ਮਾਂ ਦੇ ਪਿਆਰ ਨੂੰ ਸਮਾਂ ਤੇ ਦੂਰੀ ਘੱਟ ਨਹੀਂ ਕਰ ਸਕਦੇ ਅਤੇ ਨਾ ਹੀ ਨਾਸ਼ੁਕਰਾਪਨ ਕਮਜ਼ੋਰ ਕਰ ਸਕਦਾ ਹੈ। ਮਾਂ ਦੀ ਕੁਰਬਾਨੀ ਦਾ ਮੁੱਲ ਤਾਰਿਆ ਨਹੀਂ ਜਾ ਸਕਦਾ, ਪਰ ਪਿਆਰ ਸਤਿਕਾਰ ਤਾਂ ਦਿੱਤਾ ਹੀ ਜਾ ਸਕਦਾ ਹੈ। ਨਾਰੀ ਦੇ ਚਾਰ ਰੂਪਾਂ - ਮਾਂ, ਭੈਣ, ਪਤਨੀ ਤੇ ਬੇਟੀ - ਵਿਚੋਂ ਮਾਂ ਨੂੰ ਸਰਵ-ਉਚ ਸਥਾਨ ਪ੍ਰਾਪਤ ਹੈ। ਅੱਤਵਾਦ ਦੌਰਾਨ ਇੱਕ ਪਿੰਡ ਵਿੱਚ ਅੱਧੀ ਰਾਤ ਵੇਲੇ ਕਿਸੇ ਦੇ ਘਰ ਖਾੜਕੂ ਆ ਗਏ ਤੇ ਰੋਟੀ ਮੰਗੀ। ਘਰ ਦੇ ਪਿਛਵਾੜੇ ਮਾਂ-ਬਾਪ ਅਲੱਗ ਰਹਿੰਦੇ ਸਨ। ਪੁੱਤਰ ਦੀ ਆਪਣੇ ਮਾਂ-ਬਾਪ ਨਾਲ ਬੋਲ ਚਾਲ ਨਹੀਂ ਸੀ। ਖਾੜਕੂਆਂ ਨੇ ਕਿਸੇ ਗੱਲ ਤੋਂ ਖਿਝ ਕੇ, ਮਾਲਕ ਤੇ ਏ.ਕੇ. ਸੰਤਾਲੀ ਤਾਣ ਲਈ। ਸਾਰੇ ਘਬਰਾ ਗਏ ਤੇ ਰੌਲਾ ਸੁਣ ਮਾਂ-ਬਾਪ ਵੀ ਭੱਜੇ ਆਏ। ਮਾਂ ਦੌੜ ਕੇ ਪੁੱਤਰ ਦੇ ਅੱਗੇ ਖੜ੍ਹ ਗਈ, ਤੇ ਕਹਿਣ ਲੱਗੀ -'ਇਸ ਤੋਂ ਪਹਿਲਾਂ ਮੇਰੇ ਗੋਲੀ ਮਾਰ ਦਿਓ!' ਆਪਣੀ ਮਾਂ ਯਾਦ ਆ ਗਈ ਜਾਂ ਰਹਿਮ ਆ ਗਿਆ ਤੇ ਉਹ ਵਾਪਿਸ ਚਲੇ ਗਏ। ਇਹ ਮਾਂ ਦਾ ਹੀ ਜਿਗਰਾ ਸੀ - ਜਦ ਕਿ ਉਸ ਦੀ ਬੇਟੀ ਤੇ ਬੀਵੀ ਵੀ ਘਰ ਵਿੱਚ ਹੀ ਸੀ!'

ਮਾਂ ਦਾ ਰੋਲ ਬੱਚੇ ਨੂੰ ਜਨਮ ਦੇ ਕੇ ਹੀ ਖਤਮ ਨਹੀਂ ਹੋ ਜਾਂਦਾ, ਸਗੋਂ ਪਿਆਰ ਨਾਲ ਉਸ ਦਾ ਪਾਲਣ-ਪੋਸ਼ਣ ਕਰ ਕੇ ਸਹੀ ਰਾਹ ਦਿਖਾਉਣਾ ਵੀ ਹੁੰਦਾ ਹੈ। ਕਈ ਵਾਰ ਇਹ ਰੋਲ ਦਾਦੀਆਂ ਨਾਨੀਆਂ ਵੀ ਨਿਭਾਦੀਆਂ ਹਨ। ਮਾਂ ਇੱਕ ਕਲਾਕਾਰ ਹੁੰਦੀ ਹੈ ਜੋ ਆਪਣੇ ਬੱਚੇ ਦੀ ਸ਼ਖ਼ਸੀਅਤ ਨੂੰ ਘੜਨ ਲਈ ਆਪਣੀ ਪੂਰੀ ਵਾਹ ਲਾਉਂਦੀ ਹੈ। ਭਗਤ ਪੂਰਨ ਸਿੰਘ ਦੀ ਮਾਂ ਮਹਿਤਾਬ ਕੌਰ ਨੇ ਉਸ ਨੂੰ ਏਨਾ ਸੁਹਣਾ ਘੜਿਆ ਕਿ ਉਹ ਹਜ਼ਾਰਾਂ ਲੂਲੇ, ਲੰਗੜੇ, ਪਿੰਗਲਿਆਂ ਦੀ ਮਾਂ ਬਣ ਗਿਆ, ਜਿਸ ਦੀ ਮਿਸਾਲ ਕਿਤੇ ਨਹੀਂ ਮਿਲਦੀ। ਸਮਰਾਟ ਨੈਪੋਲੀਅਨ ਨੇ ਕਿਹਾ ਸੀ, 'ਤੁਸੀਂ ਮੈਨੂੰ ਚੰਗੀਆਂ ਮਾਵਾਂ ਦਿਓ, ਮੈਂ ਤੁਹਾਨੂੰ ਚੰਗੀ ਕੌਮ ਦੇਵਾਂਗਾ'। ਮਾਂ ਨੂੰ ਪੁੱਤ ਦੀ ਸ਼ੋਹਰਤ ਜਾਂ ਕਮਾਈ ਨਾਲੋਂ, ਉਸ ਦੀ ਸਿਹਤ ਦਾ ਵੱਧ ਫਿਕਰ ਰਹਿੰਦਾ ਹੈ। ਜਦੋਂ ਨੈਪੋਲੀਅਨ ਅਨੇਕਾਂ ਜਿੱਤਾਂ ਤੋਂ ਬਾਅਦ ਆਪਣੀ ਮਾਂ ਨੂੰ ਮਿਲਿਆ ਤਾਂ ਮਾਂ ਨੇ ਉਸ ਦੇ ਸਰੀਰ ਨੂੰ ਟੋਹ ਕੇ ਕਿਹਾ 'ਪੁੱਤ ਤੂੰ ਲਿੱਸਾ ਹੋ ਗਿਆ!'ਮਾਂ ਤੋਂ ਬਿਨਾਂ ਸ੍ਰਿਸ਼ਟੀ ਦੀ ਕਲਪਨਾ ਹੀ ਨਹੀਂ ਹੋ ਸਕਦੀ। ਮਹਾਰਾਜਾ ਰਣਜੀਤ ਸਿੰਘ ਦੀ ਮਾਂ ਨੂੰ ਵੀ ਜੇ ਜੰਮਦੀ ਨੂੰ ਨਾ ਬਚਾਉਂਦੇ ਤਾਂ ਉਹ ਵੱਡੀ ਹੋ ਕੇ ਸ਼ੇਰੇ ਪੰਜਾਬ ਨੂੰ ਕਿਵੇਂ ਜਨਮ ਦਿੰਦੀ? ਸ੍ਰੀ ਗੁਰੂ ਨਾਨਕ ਦੇਵ ਜੀ ਨੇ ਵੀ ਉੱਚੀ ਆਵਾਜ਼ ਵਿਚ ਕਿਹਾ ਸੀ- 'ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ॥

ਅੱਜ ਸਾਡੀਆਂ ਮਾਵਾਂ ਬ੍ਰਿਧ ਆਸ਼ਰਮਾਂ ਵਿੱਚ ਰੁਲ਼ ਰਹੀਆਂ ਹਨ। ਬ੍ਰਿਧ ਆਸ਼ਰਮਾਂ ਦੀਆਂ ਬਜ਼ੁਰਗ ਔਰਤਾਂ 'ਮਾਂ ਦਿਵਸ' ਤੇ ਸਾਰਾ ਦਿਨ ਗੇਟਾਂ ਦੇ ਨੇੜੇ ਉਡੀਕਦੀਆਂ ਨੇ, ਸ਼ਾਇਦ ਉਹਨਾ ਦਾ ਕੋਈ ਆਪਣਾ ਮਿਲਣ ਆ ਜਾਵੇ।

ਮੈਨੂੰ ਇੱਕ ਵਾਰ ਇੱਕ ਬ੍ਰਿਧ ਆਸ਼ਰਮ ਵਿੱਚ ਜਾਣ ਦਾ ਸਬੱਬ ਬਣਿਆਂ। ਬਜ਼ੁਰਗ ਸਾਨੂੰ ਇੰਨੀ ਅਪਣੱਤ ਨਾਲ ਮਿਲੇ- ਜਿਵੇਂ ਉਹ ਸਾਡੇ ਵਿਚੋਂ ਆਪਣਿਆਂ ਨੂੰ ਤਲਾਸ਼ ਰਹੇ ਹੋਣ। ਮੇਰੇ ਬੇਟੇ ਨੇ ਹਰ ਇੱਕ ਬਜ਼ੁਰਗ ਦੇ ਪੈਰੀਂ ਹੱਥ ਲਾਇਆ, ਤੇ ਫਰੂਟ ਦਿੱਤੇ। ਦੁਆਵਾਂ ਨਾਲ ਮਾਲੋ ਮਾਲ ਹੋ ਕੇ ਜਦੋਂ ਅਸੀਂ ਘਰ ਪਰਤੇ ਤਾਂ ਮੈਂ ਬੇਟੇ ਨੂੰ ਕਿਹਾ 'ਅੱਜ ਤੂੰ ਬਹੁਤ ਅਮੀਰ ਹੋ ਗਿਆ ਹੈਂ!'ਜਦੋਂ ਉਹ ਕੋਈ ਪ੍ਰਾਪਤੀ ਕਰਦਾ ਹੈ, ਤਾਂ ਜਾਪਦਾ ਕਿ ਇਹ ਉਸ ਦੇ ਦਾਦਾ ਦਾਦੀ, ਨਾਨਾ ਨਾਨੀ, ਤੇ ਉਹਨਾਂ ਬ੍ਰਿਧ ਆਸ਼ਰਮ ਦੇ ਬਜ਼ੁਰਗਾਂ ਦੀਆਂ ਦੁਆਵਾਂ ਦਾ ਹੀ ਫ਼ਲ ਹੈ! ਵਿਦੇਸ਼ਾਂ ਵਿੱਚ ਵੀ ਕੋਈ ਕਰਮਾਂ ਵਾਲਾ ਘਰ ਹੋਏਗਾ, ਜਿੱਥੇ ਮਾਂ-ਬਾਪ ਬੱਚਿਆਂ ਦੇ ਨਾਲ ਰਹਿੰਦੇ ਹਨ। ਬਹੁਤੇ ਪਰਿਵਾਰਾਂ ਵਿੱਚ ਮਾਂ-ਬਾਪ ਲੜਕੀਆਂ ਕੋਲ ਹੀ ਰਹਿੰਦੇ ਹਨ, ਭਾਵੇਂ ਉਸੇ ਸ਼ਹਿਰ ਵਿੱਚ ਉਹਨਾਂ ਦੇ ਲੜਕੇ ਵੀ ਹੋਣ। ਜਿੰਨਾ ਚਿਰ ਛੋਟੇ ਬੱਚਿਆਂ ਸੰਭਾਲਣੇ ਹੋਣ, ਦਾਦੀ ਦਾਦੇ ਦੀ ਕਦਰ ਹੁੰਦੀ ਹੈ। ਬੱਚੇ ਟੀਨ-ਏਜਰ ਹੁੰਦਿਆਂ ਹੀ ਬਜ਼ੁਰਗ ਵਾਧੂ ਲੱਗਣ ਲੱਗ ਪੈਂਦੇ ਹਨ। ਉਹਨਾਂ ਨੂੰ ਕਿਸੇ ਬੇਸਮੈਂਟ ਜਾਂ ਓਲਡ-ਏਜ ਹੋਮ ਵਿੱਚ ਭੇਜ ਦਿੱਤਾ ਜਾਂਦਾ ਹੈ, ਜਿੱਥੇ ਕਦੇ ਕਦਾਈਂ ਮਾਂ-ਦਿਵਸ ਤੇ ਗੁਲਦਸਤਾ ਦੇ ਕੇ ਵਰਾਇਆ ਜਾਂਦਾ ਹੈ। ਕੀ ਮਾਵਾਂ ਦੀ ਕੁਰਬਾਨੀ ਦਾ ਇਹੀ ਮੁੱਲ ਹੈ? ਬਜ਼ੁਰਗ ਆਪ-ਬਤੀਆਂ ਸੁਣਾ ਕੇ ਰੋ ਪੈਂਦੇ ਹਨ।

ਮਾਂ ਦੀ ਕੀਮਤ ਕਿਸੇ ਯਤੀਮ ਬੱਚੇ ਨੂੰ ਪੁੱਛੋ ਜਿਹੜਾ 'ਮਾਂ' ਲਈ ਤਰਸਿਆ ਹੁੰਦਾ ਹੈ। ਨਸੀਬਾਂ ਵਾਲੇ ਹਨ ਜੋ ਮਾਂ ਦੇ ਪਿਆਰ ਦਾ ਨਿੱਘ ਮਾਣਦੇ ਹਨ। 'ਮਾਂ ਦਾ ਦਿੱਲ' ਕਵਿਤਾ ਤੁਸੀਂ ਵੀ ਪੜ੍ਹੀ ਹੋਏਗੀ- ਜਿਸ ਵਿੱਚ ਇੱਕ ਪੁਤਰ, ਆਪਣੀ ਮਹਿਬੂਬਾ ਦੇ ਕਹਿਣ ਤੇ ਮਾਂ ਦਾ ਕਲੇਜਾ ਕੱਢ ਕੇ ਲਿਜਾ ਰਿਹਾ ਹੁੰਦਾ ਹੈ ਤਾਂ ਰਸਤੇ ਵਿੱਚ ਠੇਡਾ ਖਾ ਕੇ ਡਿਗ ਪੈਂਦਾ ਹੈ। ਉਸ ਵੇਲੇ ਵੀ ਮਾਂ ਦੇ ਦਿੱਲ ਵਿਚੋਂ ਆਵਾਜ਼ ਨਿਕਲਦੀ ਹੈ 'ਪੁੱਤਰਾ ਕਿਧਰੇ ਸੱਟ ਤਾਂ ਨਹੀਂ ਲੱਗੀ?' ਪੁੱਤਰ ਨਿਕੰਮਾ ਹੋਵੇ, ਲੇਕਿਨ ਮਾਂ ਦੇ ਮੂੰਹੋਂ ਉਸ ਲਈ ਬਦਅਸੀਸ ਨਹੀਂ ਨਿਕਲਦੀ। ਹਰ ਸ਼ੈਅ ਪੈਸੇ ਨਾਲ ਖਰੀਦੀ ਜਾ ਸਕਦੀ ਹੈ ਲੇਕਿਨ 'ਮਾਂਵਾਂ ਦੀਆਂ ਦੁਆਵਾਂ' ਕਿਧਰੇ ਮੁੱਲ ਨਹੀਂ ਮਿਲਦੀਆਂ। ਸੁਣਿਆ ਹੈ 'ਲੈ ਅਸੀਸਾਂ ਮਾਂ ਦੇ ਪਾਸੋਂ, ਭਰ ਲੈ ਆਪਣੀ ਸੱਖਣੀ ਝੋਲ!'

ਕਦੀ ਪਰਿਵਾਰ ਦਾ ਕੋਈ ਜੀਅ ਕਿਸੇ ਕੰਮ ਲਈ ਘਰੋਂ ਬਾਹਰ ਜਾਂਦਾ ਤਾਂ ਬਜ਼ੁਰਗ ਮਾਂ ਜਾਂ ਬਾਪ ਦੇ ਚਰਨ ਛੂਹ ਕੇ, ਆਸ਼ੀਰਵਾਦ ਲੈ ਕੇ ਜਾਂਦਾ ਜਿਸ ਕਾਰਨ ਉਸ ਦਾ ਕਾਰਜ ਵੀ ਸਹਿਜੇ ਹੀ ਨੇਪਰੇ ਚੜ੍ਹ ਜਾਂਦਾ। ਛੋਟੇ ਹੁੰਦੇ ਪੇਪਰ ਦੇਣ ਜਾਂਦੇ ਤਾਂ- ਸਾਡੇ ਬੀਜੀ ਸਾਡੇ ਮੂੰਹ ਵਿੱਚ ਦੋ ਚਮਚੇ ਦਹੀਂ ਦੇ ਜਰੂਰ ਪਾਉਂਦੇ ਤੇ ਨਾਲ ਹੀ ਅਸੀਸਾਂ ਦੇਈ ਜਾਂਦੇ। ਹੁਣ ਸਮਝ ਆਈ ਕਿ ਦਹੀਂ ਤਾਂ ਇੱਕ ਬਹਾਨਾ ਸੀ ਸਾਨੂੰ ਅਸ਼ੀਰਵਾਦ ਦੇਣ ਦਾ। ਬਜ਼ੁਰਗਾਂ ਦੀਆਂ ਇਹਨਾਂ ਅਸੀਸਾਂ ਵਿੱਚ ਇੱਕ ਕਰਾਮਾਤੀ ਸ਼ਕਤੀ ਸੀ। ਇਸ ਸਦੀ ਵਿੱਚ, ਮਨੋਵਿਗਿਆਨੀ ਜਾਂ ਮੈਡੀਟੇਸ਼ਨ ਵਾਲੇ ਇਸੇ ਨੂੰ 'ਪੌਜਿਟਿਵ ਵਾਈਬਰੇਸ਼ਨਜ਼' ਕਹਿੰਦੇ ਹਨ। ਅਜ ਅਸੀਂ ਮਾਵਾਂ ਦੀਆਂ ਅਸੀਸਾਂ ਤੋਂ ਵਾਂਝੇ ਹੋ ਗਏ ਹਾਂ ਕਿਉਂਕਿ ਬਜ਼ੁਰਗਾਂ ਨੂੰ ਨਾਲ ਹੀ ਨਹੀਂ ਰੱਖਿਆ ਜਾਂਦਾ ਜਾਂ ਕੰਮਾਂ ਤੇ ਜਾਣ ਲਗਿਆਂ ਬਜ਼ੁਰਗਾਂ ਨੂੰ ਮਿਲ ਕੇ ਜਾਣ ਦੀ ਲੋੜ ਹੀ ਨਹੀ ਸਮਝੀ ਜਾਂਦੀ। ਵੈਸੇ 'ਅੱਛਾ ਮਾਤਾ ਜੀ, ਮੈਂ ਚਲਦਾਂ ਹਾਂ ਸ਼ਾਮ ਨੂੰ ਇੰਨੇ ਵਜੇ ਆਵਾਂਗਾ' ਕਹਿਣ ਲਈ ਦੋ ਸੈਕੰਡ ਲਗਦੇ ਨੇ- ਪਰ ਇੰਨਾ ਸਮਾਂ ਵੀ ਬਜ਼ੁਰਗਾਂ ਦੀ ਖੁਸ਼ੀ ਲਈ ਨਹੀਂ ਕੱਢ ਸਕਦੇ।

ਜਿਹਨਾਂ ਮਾਪਿਆਂ ਨੇ ਸਾਨੂੰ ਚਾਰ ਪੰਜ ਬੱਚਿਆਂ ਨੂੰ ਥੁੜ੍ਹਾਂ ਦੇ ਹੁੰਦਿਆਂ ਵੀ ਵਧੀਆ ਪਰਵਰਿਸ਼ ਕੀਤੀ ਹੁੰਦੀ ਹੈ- ਉਹ ਸਾਰੇ ਬੱਚੇ ਰਲ਼ ਕੇ ਵੀ ਆਪਣੇ ਬਜ਼ੁਰਗ ਮਾਂ ਜਾਂ ਬਾਪ ਨੂੰ ਨਹੀਂ ਰੱਖ ਸਕਦੇ! ਮਾਂ ਦੇ ਪਿਆਰ ਦਾ ਕਰਜ਼ ਤਾਂ ਕਿਸੇ ਵੀ ਕੀਮਤ ਤੇ ਨਹੀਂ ਚੁਕਾਇਆ ਜਾ ਸਕਦਾ ਪਰ ਜਿੰਨਾ ਚਿਰ ਮਾਂ ਦਾ ਸਾਇਆ ਸਿਰ ਤੇ ਮੌਜੂਦ ਹੈ- ਮਾਵਾਂ ਨੂੰ ਪਿਆਰ ਸਤਿਕਾਰ ਦੇ ਕੇ, ਅਸੀਂ 'ਦੁਆਵਾਂ' ਤਾਂ ਲੈ ਸਕਦੇ ਹਾਂ ਜਿਨ੍ਹਾਂ ਵਿਚ ਕਿਸੇ ਸੰਤ-ਮਹਾਤਮਾ ਦੇ ਅਸ਼ੀਰਵਾਦ ਤੋਂ ਘੱਟ ਤਾਕਤ ਨਹੀਂ ਹੁੰਦੀ। ਜਿਸ ਨੇ ਮਾਪਿਆਂ ਦੀ ਸੇਵਾ ਕਰ ਲਈ, ਉਸ ਨੂੰ ਤੀਰਥ ਇਸ਼ਨਾਨ ਕਰਨ ਦੀ ਜਰੂਰਤ ਨਹੀਂ। ਚੌਵੀ ਘੰਟੇ ਵਿੱਚੋਂ ਜੇ ਪੰਦਰਾਂ ਮਿੰਟ ਮਾਵਾਂ ਦੇ ਨਾਮ ਕਰਕੇ ਦੁਆਵਾਂ ਪ੍ਰਾਪਤ ਹੋ ਜਾਣ, ਜੋ ਸਾਰੀਆਂ ਮੁਸ਼ਕਲਾਂ ਹੱਲ ਕਰਨ ਦੀ ਤਾਕਤ ਹਨ- ਤਾਂ ਕਿਸੇ ਸਾਧ ਬਾਬੇ ਅੱਗੇ ਨੱਕ ਰਗੜਨ ਦੀ ਲੋੜ ਨਹੀਂ ਤੇ ਜਿਉਣਾ ਧੰਨ ਹੋ ਜਾਏਗਾ! ਸ਼ੋਚੋ, ਜੇ ਵਿਹਲ ਮਿਲੇ ਤਾਂ!

# ਆਤਮ ਪੜਚੋਲ (ਆਪੇ ਦੀ ਪਰਖ)

**ਦਾਸੀ ਦਵਿੰਦਰ ਕੌਰ**

ਜੀਵਨ ਵਿੱਚ ਅਸੀਂ ਸਾਰੇ ਆਪਣੇ ਆਪ ਨੂੰ ਧਾਰਮਿਕ ਸਮਝਦੇ ਹਾਂ ਪਰ ਇਸ ਵਿੱਚ ਕਿੰਨੀ ਕੁ ਸਚਾਈ ਹੈ ਆਪ ਪਰਖੀਏ। ਅਸੀਂ ਸਾਰੇ ਧਾਰਮਿਕ ਅਸਥਾਨਾਂ ਤੇ ਜਾਕੇ ਉਥੇ ਪ੍ਰਚੱਲਿਤ ਰਸਮਾਂ ਤਾਂ ਬਾਖ਼ੂਬੀ ਨਿਭਾਉਂਦੇ ਹਾਂ। ਪਰ ਕਦੇ ਇਸ ਗੱਲ ਵੱਲ ਧਿਆਨ ਦਿੰਦੇ ਹਾਂ ਕਿ ਜੋ ਉਪਦੇਸ਼ ਗੁਰੂ ਵੱਲੋਂ ਧਾਰਮਿਕ ਗ੍ਰੰਥ ਵਿੱਚ ਦਿੱਤੇ ਹਨ, ਅਸੀਂ ਉਨ੍ਹਾਂ ਤੇ ਕਿੰਨਾ ਪੂਰਾ ਉਤਰਦੇ ਹਾਂ। ਧਾਰਮਿਕ ਰਸਮਾਂ ਹੀ ਨਿਭਾਈ ਜਾਣੀਆਂ ਤੇ ਉਪਦੇਸ਼ ਤੇ ਨਾ ਚੱਲਣਾ ਇਹਨੂੰ ਧਾਰਮਿਕ ਹੋਣਾ ਕਹਿ ਸਕਦੇ ਹਾਂ?

ਅਸੀਂ ਭਲੀਭਾਂਤ ਜਾਣਦੇ ਹਾਂ ਜੋ ਜਨਮਿਆ ਹੈ, ਇੱਕ ਦਿਨ ਉਸਨੇ ਮਰਨਾ ਵੀ ਹੈ। ਇਹ ਵੀ ਸੱਚ ਮੰਨਦੇ ਹਾਂ ਕਿ ਇਸ ਜੀਵਨ ਵਿੱਚ ਅਸੀਂ ਆਪਣੇ ਪੂਰਬਲੇ ਕਰਮਾਂ ਦੇ ਅਨੁਸਾਰ ਲਿਖਿਆ ਲੇਖਾ ਭੁਗਤ ਰਹੇ ਹਾਂ ਤੇ ਜੋ ਅਸੀਂ ਇਸ ਜਨਮ ਵਿੱਚ ਬੀਜ ਰਹੇ ਹਾਂ ਇਹਦਾ ਫਲ ਅੱਗੇ ਮਿਲੇਗਾ (ਇਹ ਗੱਲ ਵੱਖਰੀ ਹੈ ਕਿ ਅਗਰ ਨਾਮ ਦੀ ਕਮਾਈ ਨੂੰ ਉਹਦੀ ਰਹਿਮਤ ਦੀ ਬਖਸ਼ਿਸ਼ ਮਿਲ ਗਈ ਫਿਰ ਆਵਾਗਵਨ ਨਹੀਂ ਹੈ)।

ਪਰ ਕੀ ਅਸੀਂ ਆਪਣੇ ਲਈ ਚੰਗਾ ਬੀਜ ਰਹੇ ਹਾਂ ਕਿ ਅੱਗੋਂ ਚੰਗੇ ਫਲ ਦੀ ਆਸ ਕਰੀਏ। ਕੀ ਅਸੀਂ ਸੱਚ ਤੇ ਚੱਲ ਰਹੇ ਹਾਂ, ਕਿਤੇ ਅਸੀਂ ਆਪਣੇ ਲਾਭ ਲਈ ਦੂਜਿਆਂ ਦਾ ਨੁਕਸਾਨ ਤਾਂ ਨਹੀਂ ਕਰ ਰਹੇ, ਪੈਸੇ ਦੀ ਖਾਤਰ ਕੋਈ ਅਧਾਰਮਿਕ ਕੰਮ ਤਾਂ ਨਹੀਂ ਕਰ ਰਹੇ ਕਿਸੇ ਦਾ ਹੱਕ ਤਾਂ ਨਹੀਂ ਮਾਰ ਰਹੇ। ਸਮਾਜ ਵਿੱਚ ਬੁਰਾਈਆਂ ਨੂੰ ਪ੍ਰਫੁੱਲਤ ਤਾਂ ਨਹੀ ਕਰ ਰਹੇ। ਕਿਤੇ ਅਸੀਂ ਸਿਰਫ਼ ਧਾਰਮਿਕ ਹੋਣ ਦਾ ਵਿਖਾਵਾ ਤਾਂ ਹੀ ਨਹੀਂ ਕਰ ਰਹੇ। ਕੀ ਅਸੀਂ ਕਿਸੇ ਲੋੜਵੰਦ ਦੀ ਮੱਦਦ ਕਰ ਰਹੇ ਹਾਂ। ਕਿਸੇ ਦੁਖੀ ਦਾ ਦਰਦ ਵੰਡਾ ਰਹੇ ਹਾਂ। ਕੀ ਅਸੀਂ ਜ਼ੁਲਮ ਦੇਖ ਕੇ, ਉਸਦੀ ਨਿੰਦਾ ਕਰ ਰਹੇ ਹਾਂ ?

ਸਾਡਾ ਕੋਈ ਕੰਮ ਇਨਸਾਨ ਜਾਂ ਸਮਾਜ ਦੇ ਅੱਖੋਂ ਪਰੋਖੇ ਹੋ ਸਕਦਾ ਹੈ ਪਰ ਪਰਮਾਤਮਾ ਕਿਉਂਕਿ 24/7 ਸਾਡੇ ਅੰਗ ਸੰਗ ਹੈ ਉਹਦੇ ਕੋਲੋਂ ਲੁੱਕ ਨਹੀਂ ਸਕਦਾ। ਕਰਮ ਕਰਨਾ ਤਾਂ ਇੱਕ ਪਾਸੇ ਰਿਹਾ ਸਾਡੀ ਸੋਚ ਵੀ ਕਦੀ ਉਸਤੋਂ ਛੁੱਪ ਨਹੀਂ ਸਕਦੀ।

ਦੁਨੀਆਂ ਦੀ ਅਦਾਲਤ ਵਿੱਚ ਗਲਤ ਕੰਮ ਹੋ ਜਾਣ ਤੇ ਬਚ ਨਿਕਲਣ ਦੀ ਸੰਭਾਵਨਾ ਹੈ। ਪਰ ਪਰਮੇਸ਼ੁਰ ਦੀ ਅਦਾਲਤ ਵਿੱਚ ਨਹੀਂ ਕਿਉਂਕਿ ਉਹ ਗਵਾਹ ਵੀ ਆਪ ਹੈ ਤੇ ਜੱਜ ਵੀ, ਝੂਠੀ ਗਵਾਹੀ ਦਾ ਕੋਈ ਸਵਾਲ ਹੀ ਪੈਦਾ ਨਹੀਂ ਹੁੰਦਾ। ਪਰਮਾਤਮਾ ਦੀ ਅਦਾਲਤ ਦੇ ਨਿਆਂ ਨੂੰ ਜਾਣਦਿਆਂ ਹੋਏ ਅਗਰ ਅਸੀਂ ਫਿਰ ਵੀ ਕੋਈ ਗਲਤ ਕੰਮ ਕਰਦੇ ਹਾਂ, ਤਾਂ ਅਸੀਂ ਆਪਣੇ ਦੁਸ਼ਮਣ ਆਪ ਹਾਂ। ਆਪਣੇ ਕੀਤੇ ਕੰਮਾਂ ਲਈ ਆਪ ਹੀ ਜਿੰਮੇਵਾਰ ਹਾਂ, ਨਾ ਕਿ ਜਿਨ੍ਹਾਂ ਲਈ ਉਹ ਕੰਮ ਕਰ ਰਹੇ ਹਾਂ।

ਧਰਮ ਦੀ ਪੌੜੀ ਦੇ ਕਿਸ ਡੰਡੇ ਤੇ ਅਸੀਂ ਖੜੇ ਹਾਂ ਇਹ ਸਾਡੇ ਆਪਣੇ ਤੇ ਪਰਮੇਸ਼ੁਰ ਤੋਂ ਬਿਨਾ ਕੋਈ ਤੀਜਾ ਨਹੀਂ ਦੱਸ ਸਕਦਾ ਕਿਉਂਕਿ ਆਪਣੇ ਅੰਦਰ ਦੀ ਸੋਚ ਆਪਣੇ ਤੇ ਪਰਮਾਤਮਾ ਤੋਂ ਬਿਨਾ ਕਿਸੇ ਨੂੰ ਨਹੀਂ ਦਿੱਸਦੀ। ਅਗਰ ਹਰ ਇਨਸਾਨ ਦੂਜੇ ਦੀਆਂ ਕਮੀਆਂ, ਬੁਰਾਈਆਂ ਖੋਜਣ ਦੀ ਬਜਾਇ ਆਪਣੇ ਅਉਗੁਣ ਤਿਆਗ ਕਰੇ ਤਾਂ ਸੁਧਾਰ ਹੋ ਸਕਦਾ ਹੈ। ਸਤਿਯੁਗ ਵਿੱਚ ਵੀ ਇਹੀ ਧਰਤੀ, ਅਕਾਸ਼, ਸੂਰਜ, ਚੰਦ ਸੀ ਪਰ ਇਨਸਾਨ ਦੀ ਸੋਚ ਸੱਤ ਵਾਦੀ ਸੀ, ਇਨਸਾਨ ਦੀ ਸੋਚ ਹੀ ਯੁਗ ਬਦਲਦੀ ਹੈ। ਅਗਰ ਸਾਡੇ ਧਾਰਮਿਕ, ਸਮਾਜਿਕ, ਰਾਜਨੀਤਕ ਆਗੂ, ਸਿਰਫ਼ ਕਹਿਣ ਮਾਤਰ ਨਾ ਹੋਕੇ ਅਸਲ ਵਿੱਚ ਪਰਮੇਸ਼ੁਰ ਦੇ ਡਰ ਅਤੇ ਅਦਬ ਵਿੱਚ ਰਹਿਕੇ ਧਾਰਮਿਕ ਬਣ ਜਾਣ ਤਾਂ ਪਰਿਵਾਰਾਂ, ਸਮਾਜ, ਕੌਮ, ਦੇਸ਼ ਅਤੇ ਜਗਤ ਦਾ ਸੁਧਾਰ ਹੋ ਸਕਦਾ ਹੈ।

# ਕੁਝ ਵਿਸ਼ੇਸ਼ ਸ਼ਬਦਾਂ ਦੇ ਅਰਥ – 3.

ਡਾ. ਦੇਵਿੰਦਰ ਸਿੰਘ ਸੇਖੋਂ, ਵਿੰਡਸਰ (ਕੈਨੇਡਾ)

## ਕਿਆ ਬਸੁ ਜਉ ਬਿਖੁ ਦੇ ਮਹਤਾਰੀ॥

ਇਹ ਪਾਵਨ ਪੰਕਤੀ ਕਬੀਰ ਸਾਹਿਬ ਦੇ ਹੇਠਾਂ ਦਿੱਤੇ ਸ਼ਬਦ ਦੇ ਅੰਤ ਵਿੱਚ ਆਉਂਦੀ ਹੈ ਜੋ ਇਸ ਪ੍ਰਕਾਰ ਹੈ।

ਗਉੜੀ ਕਬੀਰ ਜੀ (328)॥ ਜਾ ਕੈ ਹਰਿ ਸਾ ਠਾਕੁਰੁ ਭਾਈ॥ ਮੁਕਤਿ ਅਨੰਤ ਪੁਕਾਰਣਿ ਜਾਈ॥ 1॥ ਅਬ ਕਹੁ ਰਾਮ ਭਰੋਸਾ ਤੋਰਾ॥ ਤਬ ਕਾਹੂ ਕਾ ਕਵਨ ਨਿਹੋਰਾ॥ 1॥ ਰਹਾਉ॥ ਤੀਨਿ ਲੋਕ ਜਾ ਕੈ ਹਹਿ ਭਾਰ॥ ਸੋ ਕਾਹੇ ਨ ਕਰਰੈ ਪ੍ਰਤਿਪਾਰ॥2॥ ਕਹੁ ਕਬੀਰ ਇਕ ਬੁਧਿ ਬੀਚਾਰੀ॥ ਕਿਆ ਬਸੁ ਜਉ ਬਿਖੁ ਦੇ ਮਹਤਾਰੀ ॥ 3॥22॥

**ਅਰਥ:**

ਹੇ ਭਾਈ! ਜਿਸਦਾ ਮਾਲਕ ਪ੍ਰਭੂ ਆਪ ਹੋਵੇ, ਮੁਕਤੀ ਅਨੇਕਾਂ ਵਾਰ ਉਸਨੂੰ ਬੇਨਤੀ ਕਰਨ ਆਉਂਦੀ ਹੈ।

ਪਰ ਮੈਨੂੰ ਕਿਸੇ ਅਜਿਹੀ ਮੁਕਤੀ ਦੀ ਲੋੜ ਨਹੀਂ ਜੋ ਮੈਨੂੰ ਪ੍ਰਭੂ ਚਰਨਾਂ ਤੋਂ ਦੂਰ ਕਰੇ, ਮੈਨੂੰ ਤਾਂ ਬੱਸ ਆਪਣੇ ਪ੍ਰਭੂ ਤੇ ਹੀ ਭਰੋਸਾ ਹੈ, ਹੋਰ ਕਿਸੇ ਦੇ ਅਹਿਸਾਨ ਦੀ ਲੋੜ ਨਹੀਂ। ਜਿਸ ਪ੍ਰਭੂ ਦੇ ਆਸਰੇ ਤਿੰਨੇ ਭਵਨ (ਆਕਾਸ਼, ਧਰਤੀ ਅਤੇ ਪਾਤਾਲ) ਹਨ, ਉਹ ਮੈਨੂੰ ਕਿਉਂ ਨਹੀਂ ਪਾਲੇਗਾ।

ਇਥੋਂ ਤੱਕ ਤਾਂ ਲਗਭਗ ਸਾਰੇ ਵਿਦਵਾਨਾਂ ਨੇ ਇਹੀ ਅਰਥ ਕੀਤੇ ਹਨ ਅਤੇ ਬਿਲਕੁਲ ਠੀਕ ਲਗਦੇ ਹਨ। ਪਰ ਆਖ਼ਰੀ ਪੰਕਤੀ ਦੇ ਪ੍ਰਚੱਲਤ ਅਰਥਾਂ ਵਿੱਚ ਔਕੜਾਂ ਆਉਂਦੀਆਂ ਹਨ।

**ਆਖ਼ਰੀ ਪੰਕਤੀ ਦੇ ਪ੍ਰਚੱਲਤ ਅਰਥ:**

ਹੇ ਕਬੀਰ, ਸਾਨੂੰ ਇਹ ਸੋਚ ਫੁਰੀ ਹੈ ਕਿ ਜੇਕਰ ਮਾਤਾ ਹੀ ਆਪਣੇ ਬੱਚੇ ਨੂੰ ਜ਼ਹਿਰ ਦੇਵੇ ਤਾਂ ਬੱਚੇ ਦਾ ਕੀ ਜ਼ੋਰ ਚੱਲ ਸਕਦਾ ਹੈ।



ਔਕੜਾਂ

1. ਇਹਨਾਂ ਅਰਥਾਂ ਦਾ ਸ਼ਬਦ ਦੀਆਂ ਪਹਿਲੀਆਂ ਪੰਕਤੀਆਂ ਨਾਲ਼ ਕੋਈ ਸਬੰਧ ਨਹੀਂ ਲਗਦਾ। ਕਬੀਰ ਸਾਹਿਬ ਪ੍ਰਭੂ ਪਿਆਰ, ਉਸਦੀ ਭਗਤੀ, ਅਤੇ ਉਸ ‘ਤੇ ਭਰੋਸੇ ਦੀ ਗੱਲ ਕਰ ਰਹੇ ਹਨ; ਇਹਨਾਂ ਉੱਚੇ ਵੀਚਾਰਾਂ ਵਿੱਚ ਮਾਂ ਵੱਲੋਂ ਬੱਚੇ ਨੂੰ ਜ਼ਹਿਰ ਦੇਣ ਦੀ ਗੱਲ਼ ਕਿੱਥੋਂ ਆ ਗਈ?

2. ਇਹ ਅਰਥ ਇੰਨੇ ਸਧਾਰਣ ਅਤੇ ਸਪੱਸ਼ਟ ਹਨ ਕਿ ਇਹਨਾਂ ਵਾਸਤੇ ਕਿਸੇ ਡੂੰਘੀ ਸੋਚ ਦੀ ਲੋੜ ਨਹੀਂ। ਕੋਈ ਸਧਾਰਣ ਮਨੁੱਖ ਵੀ ਇਹੋ ਹੀ ਅਰਥ ਕਰੇਗਾ। ਸੋ ਕਬੀਰ ਸਾਹਿਬ ਨੂੰ ਇਹ ਕਹਿਣ ਦੀ ਲੋੜ ਨਹੀਂ ਸੀ ਕਿ ਉਹਨਾਂ ਨੂੰ ਕੋਈ ਉੱਚੀ ਸੋਚ ਫੁਰੀ ਹੈ।

**ਸੰਭਵ ਅਸਲੀ ਅਰਥ**:

ਸ੍ਰੀ ਗੁਰੂ ਗਰੰਥ ਸਾਹਿਬ ਵਿੱਚ ਸ਼ਬਦ “ਮਹਤਾਰੀ” ਵਾਹਿਗੁਰੂ ਵਾਸਤੇ ਬਹੁਤ ਵਾਰ ਵਰਤਿਆ ਗਿਆ ਹੈ। ਅਸੀਂ ਅਕਸਰ ਹੀ ਇਹ ਸ਼ਬਦ ਪੜ੍ਹਦੇ ਹਾਂ “ਤੂੰ ਮੇਰਾ ਪਿਤਾ, ਤੂੰ ਹੈਂ ਮੇਰਾ ਮਾਤਾ।”

ਅਜਿਹੇ ਹੋਰ ਬਹੁਤ ਪਾਵਨ ਸ਼ਬਦ ਹਨ ਜਿਹਨਾਂ ਵਿੱਚ ਵਾਹਿਗੁਰੂ ਜੀ ਨੂੰ “ਮਾਤਾ” ਕਿਹਾ ਗਿਆ ਹੈ। ਇਸ ਸ਼ਬਦ ਵਿੱਚ ਵੀ ਸ਼ਬਦ “ਮਹਤਾਰੀ” ਪ੍ਰਭੂ ਜੀ ਵਾਸਤੇ ਹੀ ਵਰਤਿਆ ਗਿਆ ਹੈ।

ਸ਼ਬਦ "ਬਿਖੁ" ਜਿਸਦਾ ਆਮ ਭਾਵ ਜ਼ਹਿਰ ਹੀ ਹੈ, ਗੁਰੂ ਗਰੰਥ ਸਾਹਿਬ ਵਿੱਚ ਮਾਇਆ ਵਾਸਤੇ ਆਮ ਹੀ ਵਰਤਿਆ ਗਿਆ ਹੈ।

**ਉਦਾਹਰਣ ਵਜੋਂ:**

ਵਡੇ ਵਡੇ ਰਾਜਨ ਅਰੁ ਭੂਮਨ ਤਾ ਕੀ ਤ੍ਰਿਸਨ ਨ ਬੂਝੀ॥ ਲਪਟਿ ਰਹੇ ਮਾਇਆ ਰੰਗ ਮਾਤੇ ਲੋਚਨ ਕਛੂ ਨ ਸੂਝੀ॥ ਬਿਖਿਆ ਮਹਿ ਤਿਨ ਹੀ ਤ੍ਰਿਪਤਿ ਨ ਪਾਈ॥ ਜਿਉ ਪਾਵਕੁ ਈਧਨਿ ਨਹੀ ਧ੍ਰਾਪੈ ਬਿਨੁ ਹਰਿ ਕਹਾ ਅਘਾਈ॥ ਰਹਾਉ॥672॥

ਗਉੜੀ ਪੂਰਬੀ ਰਵਿਦਾਸ ਜੀਉ (346)॥ ਕੂਪੁ ਭਰਿਓ ਜੈਸੇ ਦਾਦਿਰਾ ਕਛੁ ਦੇਸੁ ਬਿਦੇਸੁ ਨ ਬੂਝ॥ ਐਸੇ ਮੇਰਾ ਮਨੁ ਬਿਖਿਆ ਬਿਮੋਹਿਆ (ਮਾਇਆ ਵਿੱਚ ਮੋਹਿਆ ਹੋਇਆ) ਕਛੁ ਆਰਾ ਪਾਰੁ ਨ ਸੂਝ॥1॥

ਇਸ ਪਾਵਨ ਸ਼ਬਦ ਵਿੱਚ ਵੀ ਸ਼ਬਦ "ਬਿਖੁ" ਮਾਇਆ ਵਾਸਤੇ ਹੀ ਵਰਤਿਆ ਗਿਆ ਹੈ॥ ਸੋ ਆਖ਼ਰੀ ਪੰਕਤੀ ਦੇ ਸੰਭਵ ਅਰਥ ਇਹ ਹਨ।

ਮੇਰਾ ਪ੍ਰਭੂ 'ਤੇ ਭਰੋਸਾ ਤਾਂ ਬਹੁਤ ਹੈ, ਪਰ ਇਹ ਅਵਸਥਾ ਉਸਦੀ ਮਿਹਰ ਨਾਲ਼ ਹੀ ਨਸੀਬ ਹੁੰਦੀ ਹੈ, ਹਰੇਕ ਨੂੰ ਨਹੀਂ ਕਿਉਂਕਿ ਉਹਨਾ ਦਾ ਮਾਇਆ ਨਾਲ਼ ਮੋਹ ਹੁੰਦਾ ਹੈ ਜਿਹੜਾ ਕਿ ਪ੍ਰਭੂ ਆਪ ਹੀ ਲਾਉਂਦਾ ਹੈ। ਸਾਨੂੰ ਇਹ ਸੋਚ ਫੁਰੀ ਜੇਕਰ ਪ੍ਰਭੂ ਆਪ ਹੀ ਕਿਸੇ ਮਨੁੱਖ ਨੂੰ ਮਾਇਆ ਵਿੱਚ ਧਸਾ ਦੇਵੇ, ਤਾਂ ਉਸਦਾ ਕੀ ਜ਼ੋਰ ਚੱਲ ਸਕਦਾ ਹੈ।

**LATEST**


1. SIKHISM: A UNIQUE RELIGION –
2. Dr. D.S. Sekhon, Interviewed by Dr. D.P.Singh
3. AMAZING SCIENTIFIC REVELATIONS BY GURU NANAK
4. ਕੁਝ ਵਿਸ਼ੇਸ਼ ਸ਼ਬਦਾਂ ਦੇ ਅਰਥ
5. ਕੀ ਗੁਰੂ ਗੋਬਿੰਦ ਸਿੰਘ ਜੀ ਸ਼ਸਤ੍ਰ-ਪੂਜ ਸਨ?


**POPULAR**


1. SATTAY ATAY BALWAND DI VAAR .
2. SHABADS OF HISTORICAL SIGNIFICANCE.
3. SUPERSTITIONS ABOUT LUCKY AND UNLUCKY DAYS.
4. INCARNATIONS OF VISHNU AND OTHER DEITIES
5. SCIENCE VERSUS GOD




**ਗੁਰੂ ਨਾਨਕ ਸਾਹਿਬ ਦੇ ਇਕ ਸ਼ਬਦ ਦੀ ਵਿਆਖਿਆ**

ਵਲੋਂ


ਡਾ. ਅਸਮਾ ਕਾਦਰੀ, ਪ੍ਰੋਫੈਸਰ

ਇੰਸਟੀਚਿਊਟ ਆਫ਼ ਪੰਜਾਬੀ ਐਂਡ ਕਲਚਰਲ ਸਟੱਡੀਜ਼
ਓਰੀਐਂਟਲ ਕਾਲਜ, ਪੰਜਾਬ ਯੂਨੀਵਰਸਿਟੀ
ਲਾਹੌਰ, ਪਾਕਿਸਤਾਨ (00923004119251

## ਗੁਰਬਾਣੀ ਦੇ ਕੁਝ ਸ਼ਬਦਾਂ ਦੇ ਅਰਥ

(ਇਹ ਸ਼ਬਦ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅੰਗ 661-663 ਤੇ ਸੁਸ਼ੋਭਿਤ ਹਨ)

ਬ੍ਰਿਜਮਿੰਦਰ ਕੌਰ, ਜੈਪੁਰ (ਭਾਰਤ)



**ਕਰਮਿ ਮਿਲੈ ਆਖਣੁ ਤੇਰਾ ਨਾਉ ॥**

ਹੇ ਪ੍ਰਭੂ! ਤੇਰਾ ਨਾਮ ਸਿਮਰਨ ਤੇਰੀ ਮੇਹਰ ਨਾਲ ਹੀ ਮਿਲ ਸਕਦਾ ਹੈ।

**ਜਿਤੁ ਲਗਿ ਤਰਣਾ ਹੋਰੁ ਨਹੀ ਥਾਉ ॥ਅੰਗ 661)**

ਨਾਮ ਵਿਚ ਲੱਗ ਕੇ ਹੀ (ਵਿਕਾਰਾਂ ਦੇ ਸਮੁੰਦਰ ਵਿਚੋਂ) ਪਾਰ ਲੰਘ ਸਕੀਦਾ ਹੈ। ਹੋਰ ਕੋਈ ਥਾਂ ਨਹੀਂ ਹੈ।

**ਨਾਨਕ ਜਾਣੈ ਜਾਣੁ ਸੁਜਾਣੁ ॥4॥4॥6॥ਅੰਗ 662॥**

ਹੇ ਨਾਨਕ! ਸੁਜਾਨ ਪ੍ਰਭੂ (ਸਭ ਕੁਝ) ਜਾਣਦਾ ਹੈ ॥

**ਸੋ ਜੋਗੀ ਜੋ ਜੁਗਤਿ ਪਛਾਣੈ॥**

ਜੋਗੀ ਉਹ ਹੈ ਜੋ ਜੀਵਨ ਦੀ ਸਹੀ ਜਾਚ ਸਮਝਦਾ ਹੈ।

**ਗੁਰ ਪਰਸਾਦੀ ਏਕੋ ਜਾਣੈ॥**

ਗੁਰੂ ਕਿਰਪਾ ਨਾਲ ਇਕ ਪਰਮਾਤਮਾ ਨੂੰ ਜਾਣਦਾ ਹੈ।

**ਆਪਿ ਤਰੈ ਸਗਲੇ ਕੁਲ ਤਾਰੈ ॥**

ਆਪ ਸੰਸਾਰ-ਸਮੁੰਦਰ ਵਿਚੋਂ ਪਾਰ ਲੰਘਦਾ ਹੈ ਤੇ ਆਪਣੀਆਂ ਸਾਰੀਆਂ ਕੁਲਾਂ ਨੂੰ ਭੀ ਲੰਘਾ ਲੈਂਦਾ ਹੈ।

**ਦਾਨਸਬੰਦੁ ਸੋਈ ਦਿਲਿ ਧੋਵੈ ॥**

ਉਹੀ ਮਨੁੱਖ ਅਕਲਮੰਦ ਹੈ ਜੋ ਆਪਣੇ ਦਿਲ ਵਿਚ ਟਿਕੀ ਹੋਈ ਬੁਰਾਈ ਨੂੰ ਦੂਰ ਕਰਦਾ ਹੈ।

**ਪੜਿਆ ਬੂਝੈ ਸੋ ਪਰਵਾਣੁ ॥ਅੰਗ 662॥**

ਉਹੀ ਵਿਦਵਾਨ ਹੈ ਜੋ ਜੀਵਨ ਦਾ ਸਹੀ ਰਸਤਾ ਸਮਝਦਾ ਹੈ, ਉਹੀ ਪ੍ਰਭੂ ਦੀ ਹਜ਼ੂਰੀ ਵਿਚ ਕਬੂਲ ਹੁੰਦਾ ਹੈ।

**ਕਲ ਮਹਿ ਰਾਮ ਨਾਮੁ ਸਾਰੁ॥**

ਕਲਜੁਗ ਵਿਚ ਪਰਮਾਤਮਾ ਦਾ ਨਾਮ (ਸਿਮਰਨਾ ਹੋਰ ਸਾਰੇ ਕੰਮਾਂ ਨਾਲੋਂ) ਸ੍ਰੇਸ਼ਟ ਹੈ।

**ਸਭ ਮਹਿ ਜੋਤਿ ਜੋਤਿ ਹੈ ਸੋਇ ॥**

ਸਾਰੇ ਜੀਵਾਂ ਵਿਚ ਇਕੋ ਪਰਮਾਤਮਾ ਦੀ ਜੋਤੀ ਹੈ।

**ਤਿਸ ਦੈ ਚਾਨਣਿ ਸਭ ਮਹਿ ਚਾਨਣੁ ਹੋਇ ॥**

ਉਸ ਦੇ ਪਰਕਾਸ਼ ਨਾਲ ਸਾਰੇ ਜੀਵਾਂ ਵਿਚ ਚਾਨਣ ਹੈ।

**ਗੁਰ ਸਾਖੀ ਜੋਤਿ ਪਰਗਟੁ ਹੋਇ ॥**

ਗੁਰੂ ਦੀ ਸਿੱਖਿਆ ਰਾਹੀਂ ਇਹ ਜੋਤਿ ਪਰਗਟ ਹੋਂਦੀ ਹੈ

**ਹਰਿ ਚਰਣ ਕਵਲ ਮਕਰੰਦ ਲੋਭਿਤ ਮਨੋ ਅਨਦਿਨੋ ਮੋਹਿ ਆਹੀ ਪਿਆਸਾ ॥**

ਤੇਰੇ ਕੌਲ-ਫੁੱਲਾਂ ਰੂਪੀ ਚਰਨਾਂ ਦੇ ਰਸ ਲਈ ਮੇਰਾ ਮਨ ਲਲਚਾਂਦਾ ਹੈ, ਇਸੇ ਦੀ ਪਿਆਸ ਹੈ।

**ਕ੍ਰਿਪਾ ਜਲੁ ਦੇਹਿ ਨਾਨਕ ਸਾਰਿੰਗ ਕਉ ਹੋਇ ਜਾ ਤੇ ਤੇਰੈ ਨਾਇ ਵਾਸਾ ॥ 4॥1॥7॥9॥ਅੰਗ 663॥**

ਮੈਨੂੰ ਨਾਨਕ ਪਪੀਹੇ ਨੂੰ ਆਪਣੀ ਮਿਹਰ ਦਾ ਜਲ ਦੇਹ ਜਿਸ ਦੀ ਬਰਕਤਿ ਨਾਲ ਮੈਂ ਤੇਰੇ ਨਾਮ ਵਿਚ ਵਸਾਂ।

**ਨਾਮੁ ਅਮੋਲਕੁ ਨ ਪਾਇਆ ਜਾਇ ॥**

ਅਮੋਲਕ ਨਾਮ ਕਿਸੇ ਭੀ (ਦੁਨਿਆਵੀ ਕੀਮਤ) ਨਾਲ ਨਹੀਂ ਮਿਲ ਸਕਦਾ।

**ਗੁਰ ਪਰਸਾਦਿ ਵਸੈ ਮਨਿ ਆਇ ॥**

(ਨਾਮ) ਗੁਰੂ ਦੀ ਕਿਰਪਾ ਨਾਲ ਮਨ ਵਿਚ ਵੱਸਦਾ ਹੈ।

**ਗੁਰਮਤੀ ਘਟਿ ਪਰਗਟੁ ਹੋਇ ॥ਅੰਗ 663॥**

(ਪਰ) ਗੁਰੂ ਦੀ ਮਤਿ ਉਤੇ ਤੁਰਿਆਂ ਹੀ (ਮਨੁੱਖ ਦੇ) ਹਿਰਦੇ ਵਿਚ ਪਰਗਟ ਹੁੰਦਾ ਹੈ।

# ਮੁਕਤੀ: ਵਰਤਮਾਨ ਜੀਵਨ ਵਿਚ, ਜਾਂ ਮਰਨ ਤੋਂ ਬਾਅਦ

ਡਾ: ਕਾਬਲ ਸਿੰਘ, ਡਾ: ਬਲਦੇਵ ਸਿੰਘ, ਐਡਮਿੰਟਨ (ਕੈਨੇਡਾ)

**"ਮੁਕਤੀ"** ਸ਼ਬਦ ਦਾ ਅਰਥ ਹੈ ਜਨਮ-ਮਰਨ ਤੋਂ ਛੁਟਕਾਰਾ, ਖ਼ਲਾਸੀ, ਗਤੀ, ਕਲਿਆਣ, ਮੋਕਸ਼, ਨਿਰਵਾਣ, ਆਦਿ। ਬਹੁਤੇ ਪ੍ਰਚਲਤ ਧਰਮਾਂ ਅਨੁਸਾਰ ਵਰਤਮਾਨ ਜੀਵਨ ਵਿਚ ਚੰਗੇ ਕੰਮ ਅਤੇ ਪੁੰਨ-ਦਾਨ ਕਰਨ ਨਾਲ ਮਰਨ ਤੋਂ ਬਾਦ ਹੀ ਮੁਕਤੀ ਮਿਲਦੀ ਹੈ। ਗੁਰਬਾਣੀ ਦੇ ਚਾਨਣ ਵਿਚ ਮੁਕਤੀ ਦੇ ਸੰਕਲਪ ਨੂੰ ਸਮਝਣ ਲਈ ਕੁਝ ਵਿਚਾਰ ਸਾਂਝੇ ਕਰ ਰਹੇ ਹਾਂ।

**ਗੁਰੂ ਗ੍ਰੰਥ ਸਾਹਿਬ ਅਨੁਸਾਰ:**

**'ਮੁਕਤਿ ਪਾਈਐ ਸਾਧਸੰਗਤਿ ਬਿਨਸਿ ਜਾਇ ਅੰਧਾਰੁ॥'** (ਅੰਗ 675)

**'ਬਿਨ ਗੁਰਸਬਦੈ ਮੁਕਤਿ ਨ ਹੋਈ ਪਰਪੰਚੁ ਕਰਿ ਭਰਮਾਈ ਹੇ॥'** (ਅੰਗ 1023)

**'ਮੁਕਤਿ ਦੁਆਰਾ ਸੋਈ ਪਾਏ ਜਿ ਵਿਚਹੁ ਆਪੁ ਗਵਾਇ॥'** (ਅੰਗ 1276)

**'ਹਰਖੁ ਸੋਗੁ ਜਾ ਕੈ ਨਹੀ ਬੈਰੀ ਮੀਤ ਸਮਾਨਿ॥
ਕਹੁ ਨਾਨਕ ਸੁਨਿ ਰੇ ਮਨਾ ਮੁਕਤਿ ਤਾਹਿ ਤੈ ਜਾਨ॥'** (ਅੰਗ 1427)

**'ਕਰਿ ਕਿਰਪਾ ਜਿਸ ਕੈ ਹਿਰਦੈ ਗਰੀਬੀ ਬਸਾਵੈ॥
ਨਾਨਕ ਈਹਾ ਮੁਕਤੁ ਆਗੈ ਸੁਖੁ ਪਾਵੈ॥'** (ਅੰਗ 278)

**'ਮਾਨ ਮੋਹ ਦੋਨੋ ਕਉ ਪਰਹਰਿ ਗੋਬਿੰਦ ਕੇ ਗੁਨ ਗਾਵੈ॥
ਕਹੁ ਨਾਨਕ ਇਹ ਬਿਧਿ ਕੋ ਪ੍ਰਾਨੀ ਜੀਵਨ ਮੁਕਤਿ ਕਹਾਵੈ॥'** (ਅੰਗ 830)

**'ਬਿਨੁ ਗੁਰਸਬਦ ਨ ਛੂਟਸਿ ਕੋਇ॥ਪਾਖੰਡਿ ਕੀਨੈ ਮੁਕਤਿ ਨ ਹੋਇ॥'** (ਅੰਗ 839)

**'ਰਾਜੇ ਧਰਮੁ ਕਰਹਿ ਪਰਥਾਏ॥ ਆਸਾ ਬੰਧੇ ਦਾਨੁ ਕਰਾਏ॥ ਰਾਮ ਨਾਮ ਬਿਨ ਮੁਕਤਿ ਨ ਹੋਈ ਥਾਕੇ ਕਰਮ ਕਮਾਈ ਹੇ॥'** (ਅੰਗ 1023)

**'ਜਿਹ ਘਟਿ ਸਿਮਰਨੁ ਰਾਮ ਕੋ ਸੋ ਨਰੁ ਮੁਕਤਾ ਜਾਨੁ॥'** (ਅੰਗ 1428)

ਗੁਰਬਾਣੀ ਅਨੁਸਾਰ ਸੰਪੂਰਨ ਮੁਕਤ ਜਾਂ ਪਰਮ-ਪਦ ਤੱਕ ਉਹੋ ਹੀ ਪਹੁੰਚਦਾ ਹੈ ਜਿਹੜਾ ਵਰਤਮਾਨ ਜੀਵਨ ਵਿੱਚ ਮੁਕਤ ਹੋ ਜਾਂਦਾ ਹੈ। ਆਪੇ ਦੀ ਪਛਾਣ ਨੂੰ ਰੱਬ ਦੀ ਪਛਾਣ ਤੇ ਮੁਕਤੀ ਦਾ ਸਾਧਨ ਮੰਨਿਆ ਗਿਆ ਹੈ। ਗੁਰਬਾਣੀ ਵਿੱਚ ਗ੍ਰਹਿਸਤ ਦਾ ਤਿਆਗ ਤੇ ਬਾਹਰਲੇ ਕਰਮਾਂ ਦੀ ਮਹਾਨਤਾ ਨਹੀਂ, ਸਗੋਂ ਸੰਜਮ ਤੇ ਸਦਾਚਾਰ ਦਾ ਜੀਵਨ ਅਤੇ ਨਿਰਸੁਆਰਥ ਸੇਵਾ ਹੀ ਉੱਤਮ ਕਰਮ ਹਨ। ਜੀਵਨ-ਮੁਕਤ ਪ੍ਰਾਣੀ ਪ੍ਰਭੂ ਦੇ ਗੁਣ ਗਾਉਂਦਾ ਹੈ ਅਤੇ ਉਸ ਦੇ ਭਾਣੇ ਵਿਚ ਰਹਿੰਦਾ ਹੈ। ਉਸ ਦੇ ਅੰਦਰੋਂ ਮੋਹ ਮਾਇਆ ਤੇ ਮਾਨ-ਅਪਮਾਨ ਦੀ ਭਾਵਨਾ ਦਾ ਨਾਸ਼ ਹੋ ਜਾਂਦਾ ਹੈ। ਇਸ ਤਰ੍ਹਾਂ ਦੇ ਵਿਅਕਤੀ ਲਈ ਸੁਖ ਤੇ ਦੁਖ, ਹਰਖ ਤੇ ਸੋਗ, ਮਿੱਟੀ ਤੇ ਸੋਨਾ, ਅੰਮ੍ਰਿਤ ਤੇ ਜ਼ਹਿਰ, ਮਿਤ੍ਰ ਤੇ ਵੈਰੀ, ਅਮੀਰ ਤੇ ਗਰੀਬ, ਰਾਜਾ ਤੇ ਪਰਜਾ, ਸਭ ਬਰਾਬਰ ਹਨ।

**'ਪ੍ਰਭ ਕੀ ਆਗਿਆ ਆਤਮ ਹਿਤਾਵੈ॥ ਜੀਵਨ ਮੁਕਤਿ ਸੋਊ ਕਹਾਵੈ॥ ਤੈਸਾ ਹਰਖੁ ਤੈਸਾ ਉਸੁ ਸੋਗੁ॥ ਸਦਾ ਅਨੰਦੁ ਤਹ ਨਹੀ ਬਿਓਗੁ॥ ਤੈਸਾ ਸੁਵਰਨੁ ਤੈਸੀ ਉਸੁ ਮਾਟੀ॥ ਤੈਸਾ ਅੰਮ੍ਰਿਤੁ ਤੈਸੀ ਬਿਖੁ ਖਾਟੀ॥ ਤੈਸਾ ਮਾਨੁ ਤੈਸਾ ਅਭਿਮਾਨੁ॥ ਤੈਸਾ ਰੰਕੁ ਤੈਸਾ ਰਾਜਾਨੁ॥ ਜੋ ਵਰਤਾਏ ਸਾਈ ਜੁਗਤਿ॥ ਨਾਨਕ ਓਹੁ ਪੁਰਖੁ ਕਹੀਐ ਜੀਵਨ ਮੁਕਤਿ॥'** (ਅੰਗ 275)

ਹਉਮੈ ਦੀ ਕੰਧ ਡਿਗਣ ਤੋਂ ਬਿਨਾਂ ਵਾਹਿਗੁਰੂ ਨਾਲ ਮਿਲਾਪ ਨਹੀਂ ਹੋ ਸਕਦਾ। ਜਦੋਂ ਗੁਰੂ-ਕਿਰਪਾ ਦੁਆਰਾ ਹਉਮੈ ਦੂਰ ਹੋ ਜਾਏ ਤਾਂ ਆਤਮਾ ਸਦਾ ਲਈ ਮਾਇਆ-ਮੋਹ ਤੋਂ ਆਜ਼ਾਦ ਹੋ ਜਾਂਦੀ ਹੈ ਅਤੇ ਮਨ ਅਡੋਲ ਅਵਸਥਾ ਵਿੱਚ ਟਿਕਿਆ ਰਹਿੰਦਾ ਹੈ। ਜਿਵੇਂ ਉਪਦੇਸ਼ ਹੈ,

**'ਹੁਕਮੈ ਅੰਦਰਿ ਸਭੁ ਕੋ ਬਾਹਰਿ ਹੁਕਮ ਨ ਕੋਇ॥
ਨਾਨਕ ਹੁਕਮੈ ਜੇ ਬੁਝੈ ਤ ਹਉਮੈ ਕਹੈ ਨ ਕੋਇ॥'** (ਅੰਗ 1)

**'ਹਉਮੈ ਏਈ ਬੰਧਨਾ ਫਿਰਿ ਫਿਰਿ ਜੋਨੀ ਪਾਹਿ॥ '**(ਅੰਗ 466)

**'ਛੋਡਹੁ ਕਾਮ ਕ੍ਰੋਧੁ ਬੁਰਿਆਈ॥ ਹਉਮੈ ਧੰਧੁ ਛੋਡਹੁ ਲੰਪਟਾਈ॥ ਸਤਿਗੁਰ ਸਰਣਿ ਪਰਹੁ ਤਾ ਉਬਰਹੁ ਇਉ ਤਰੀਐ ਭਵਜਲੁ ਭਾਈ ਹੇ॥'** (ਅੰਗ 1025)

ਗੁਰਬਾਣੀ ਅਨੁਸਾਰ ਕਾਮ, ਕ੍ਰੋਧ, ਲੋਭ, ਮੋਹ, ਹੰਕਾਰ, ਝੂਠ, ਬੇਈਮਾਨੀ, ਭੈੜੀ ਸੋਚ, ਮੰਦੀਆਂ ਵਾਸ਼ਨਾਵਾਂ, ਨਸ਼ੇ, ਆਦਿ, ਅਸਲੀ 'ਜਮਦੂਤ' ਹਨ। ਭਾਵੇਂ ਇਸ ਸੰਸਾਰ ਵਿੱਚ ਵਿਚਰਦਿਆਂ ਇਹਨਾਂ ਜਮਦੂਤਾਂ ਤੋਂ ਬਚਣਾ ਸੌਖਾ ਨਹੀਂ, ਪ੍ਰੰਤੂ ਹਰੀ-ਮਿਹਰ ਨਾਲ ਇਨ੍ਹਾਂ ਵਿਕਾਰਾਂ ਅਤੇ ਬੁਰਾਈਆਂ ਤੋਂ ਮੁਕਤ ਹੋਕੇ ਵਰਤਮਾਨ ਜੀਵਨ ਅਨੰਦਮਈ ਹੋ ਸਕਦਾ ਹੈ।

**ਮਰਨ ਤੋਂ ਬਾਦ ਵਾਲੀ ਮੁਕਤੀ:** ਆਮ ਕਿਹਾ ਜਾਂਦਾ ਹੈ, ਅਤੇ ਪ੍ਰਾਚੀਣ ਗ੍ਰੰਥ ਵੀ ਅਜੇਹਾ ਪ੍ਰਚਾਰਦੇ ਹਨ, ਕਿ ਵਰਤਮਾਨ ਜਨਮ ਵਿਚ ਕੀਤੇ ਚੰਗੇ ਕਰਮਾਂ ਦੇ ਫ਼ਲ ਵਜੋਂ ਮਰਨ ਤੋਂ ਬਾਦ ਮ੍ਰਿਤਕ ਦੀ ਰੂਹ ਨੂੰ 'ਜਮਦੂਤਾਂ' ਵਲੋ 'ਦੰਡ' ਨਹੀਂ ਮਿਲੇਗਾ ਅਤੇ ਰੂਹ ਆਵਾਗਉਣ ਦੇ ਚੱਕਰ ਤੋਂ ਮੁਕਤ ਹੋ ਜਾਵੇਗੀ। ਪ੍ਰੰਤੂ ਗੁਰਬਾਣੀ ਦਾ ਉਪਦੇਸ਼ ਹੈ ਕਿ ਪ੍ਰਾਣੀ ਨੂੰ ਵਰਤਮਾਨ ਜੀਵਨ ਵਿਚ ਹੀ ਇੰਨ੍ਹਾ 'ਜਮਦੂਤਾਂ' ਤੋਂ ਬਚਣ ਲਈ ਯਤਨ ਕਰਨੇ ਚਾਹੀਦੇ ਹਨ। ਮਰਨ ਤੋਂ ਬਾਦ ਵਾਲੀ ਮੁਕਤੀ ਲੱਭਣ ਦੀ ਲੋੜ ਨਹੀਂ। ਅਜੇਹੀ ਮੁਕਤੀ ਦੇ ਉਪਰਾਲੇ ਕਰਨੇ ਵਰਤਮਾਨ ਜੀਵਨ ਦੀਆਂ ਜ਼ਿਮੇਵਾਰੀਆਂ ਅਤੇ ਕਰਤਵਾਂ ਵਲੋਂ ਧਿਆਨ ਹਟਾ ਕੇ ਬੇਲੋੜੇ ਭੰਬਲ-ਭੂਸਿਆਂ ਅਤੇ ਕਰਮਕਾਂਡਾਂ ਦੇ ਚਕਰਾਂ ਵਿਚ ਪੈਣਾ ਹੈ। ਦੁਨਿਆਵੀ ਕਿਰਤ ਕਰਨ ਦਾ ਫ਼ਲ (ਤਨਖਾਹ ਵਗੈਰਾ) ਥੋੜੇ ਸਮੇਂ ਵਿਚ ਮਿਲ ਜਾਂਦਾ ਹੈ, ਤਾਂ ਰਬ ਦੀ ਸੇਵਾ-ਭਗਤੀ, ਪੁੰਨ-ਦਾਨ ਅਤੇ ਸ਼ੁਭ ਕਰਮਾਂ ਦਾ ਫ਼ਲ ਮਰਨ ਤੋਂ ਬਾਦ ਹੀ ਕਿਉਂ ਮਿਲਦਾ ਹੈ, ਅਤੇ ਇਸ ਫ਼ਲ ਦਾ ਜੀਵ ਨੂੰ ਕੀ ਲਾਭ ਹੈ? ਭਗਤ ਨਾਮ ਦੇਵ ਜੀ ਕਹਿੰਦੇ ਹਨ,

**'ਮੂਏ ਹੂਏ ਜਉ ਮੁਕਤਿ ਦੇਹੁਗੇ ਮੁਕਤਿ ਨ ਜਾਨੈ ਕੋਇਲਾ॥ '** (ਅੰਗ 1292)

ਭਗਤ ਬੇਣੀ ਅਨੁਸਾਰ,

**'ਨਿਕੁਟੀ ਦੇਹ ਦੇਖਿ ਧੁਨਿ ਉਪਜੈ ਮਾਨ ਕਰਤ ਨਹੀ ਬੂਝੈ॥ ਲਾਲਚੁ ਕਰੈ ਜੀਵਨ ਪਦ ਕਾਰਨ ਲੋਚਨ ਕਛੂ ਨ ਸੂਝੈ॥ ਥਾਕਾ ਤੇਜੁ ਉਡਿਆ ਮਨੁ ਪੰਖੀ ਘਰਿ ਆਂਗਨਿ ਨ ਸੁਖਾਈ॥ ਬੇਣੀ ਕਹੈ ਸੁਨਹੁ ਰੇ ਭਗਤਹੁ ਮਰਨ ਮੁਕਤਿ ਕਿਨਿ ਪਾਈ॥ '** (ਅੰਗ 93)

ਗੁਰਬਾਣੀ ਅਨੁਸਾਰ ਮੌਤ ਕਿਸ ਸਥਾਨ ਤੇ ਹੁੰਦੀ ਹੈ ਅਤੇ ਮ੍ਰਿਤਕ ਸਰੀਰ ਨੂੰ ਕਿਸ ਤਰੀਕੇ ਨਾਲ ਸੰਭਾਲਿਆ ਜਾਂਦਾ ਹੈ, ਇਨ੍ਹਾਂ ਗਲਾਂ ਦਾ ਮੁਕਤੀ ਨਾਲ ਕੋਈ ਸਬੰਧ ਨਹੀਂ।

**'ਇਕ ਦਝਹਿ ਇਕ ਦਬੀਅਹਿ ਇਕਨਾ ਕੁਤੇ ਖਾਹਿ॥ ਇਕਿ ਪਾਣੀ ਵਿਚਿ ਉਸਟੀਅਹਿ ਇਕਿ ਭੀ ਫਿਰਿ ਹਸਣਿ ਪਾਹਿ॥ ਨਾਨਕ ਏਵ ਨ ਜਾਪਈ ਕਿਥੈ ਜਾਇ ਸਮਾਹਿ॥ '** (ਅੰਗ 648)

**'ਜੇ ਮਿਰਤਕ ਕਉ ਚੰਦਨੁ ਚੜਾਵੈ॥ ਉਸ ਤੇ ਕਹਹੁ ਕਵਨ ਫਲ ਪਾਵੈ॥ ਜੇ ਮਿਰਤਕ ਕਉ ਬਿਸਟਾ ਮਾਹਿ ਰੁਲਾਈ॥ ਤਾਂ ਮਿਰਤਕ ਕਾ ਕਿਆ ਘਟਿ ਜਾਈ॥ '**(ਅੰਗ 1160)

ਭਗਤ ਕਬੀਰ ਜੀ ਕਾਂਸ਼ੀ (ਵਾਰਾਨਸੀ) ਵਿਚ ਮੌਤ ਹੋਣ ਨਾਲ ਸਵਰਗ-ਪ੍ਰਾਪਤੀ ਅਤੇ ਮਗਹਰ ਵਿੱਚ ਮੌਤ ਹੋਣ ਨਾਲ ਨਰਕ ਦੇ ਪ੍ਰਚਲਤ ਭਰਮ ਤੋੜਨ ਲਈ ਉਪਦੇਸ਼ ਦਿੰਦੇ ਹਨ,

**'ਜੈਸਾ ਮਗਹਰੁ ਤੈਸੀ ਕਾਸੀ, ਹਮ ਏਕੈ ਕਰਿ ਜਾਨੀ॥ ਹਮ ਨਿਰਧਨ ਜਿਉ ਇਹੁ ਧਨੁ ਪਾਇਆ, ਮਰਤੇ ਫੂਟਿ ਗੁਮਾਨੀ॥ ਕਵਨੁ ਨਰਕੁ ਕਿਆ ਸੁਰਗੁ ਬਿਚਾਰਾ, ਸੰਤਨ ਦੋਊ ਰਾਦੇ॥ ਹਮ ਕਾਹੂ ਕੀ ਕਾਣਿ ਨ ਕਢਤੇ, ਅਪਨੇ ਗੁਰ ਪਰਸਾਦੇ॥ '** (ਅੰਗ 969)

ਆਮ ਪ੍ਰਚਲਤ ਸੁਰਗ-ਨਰਕ ਦੇ ਸਿਧਾਂਤ ਦੀ ਥਾਂ ਗੁਰਬਾਣੀ ਸਿਖਾਉਂਦੀ ਹੈ, **'ਜਿਥੈ ਰਖਹਿ ਬੈਕੁੰਠੁ ਤਿਥਾਈ, ਤੂੰ ਸਭਨਾ ਕੇ ਪ੍ਰਤਿਪਾਲਾ ਜੀਉ॥ '** (ਅੰਗ 106)

ਗੁਰਬਾਣੀ ਵਾਹਿਗੁਰੂ-ਪ੍ਰੇਮ ਦੀ ਨੇੜਤਾ ਨੂੰ ਸੁਰਗ ਤੇ ਦੂਰੀ ਨੂੰ ਨਰਕ ਮੰਨਦੀ ਹੈ। ਗੁਰੂ ਤੋਂ ਗਿਆਨ ਪ੍ਰਾਪਤ ਕਰਕੇ, ਵਾਹਿਗੁਰੂ ਦੀ ਸਿਫਤ-ਸਲਾਹ ਕਰਕੇ, ਮਨ ਤੇ ਮੱਤ ਉੱਤੇ ਕਾਬੂ ਪਾਉਣ ਨਾਲ ਹੀ ਜੀਵਨ-ਮੁਕਤੀ ਮਿਲ ਸਕਦੀ ਹੈ।

ਅਜੇਹਾ ਜੀਵ '**ਰਾਜੁ ਨ ਚਾਹਉ ਮੁਕਤਿ ਨ ਚਾਹਉ ਮਨਿ ਪ੍ਰੀਤਿ ਚਰਨ ਕਮਲਾਰੇ**' ਦੀ ਪ੍ਰੇਮ-ਅਨੰਦ ਅਵਸਥਾ ਵਿਚ ਰਹਿੰਦਾ ਹੈ। (ਅੰਗ 534)

ਗੁਰਬਾਣੀ ਅਨੁਸਾਰ ਗੁਰੂ ਦੇ ਉਪਦੇਸ਼ ਅਤੇ ਗੁਰਮੁਖਾਂ ਦੀ ਸੰਗਤ ਦੁਆਰਾ ਨਾਮ ਦੇ ਤਤ੍ਹ ਨੂੰ ਜਾਣਕੇ ਅਭਿਆਸ ਰਾਹੀਂ ਸਿਰਜਨਹਾਰ ਨਾਲ ਲਿਵ ਦਾ ਜੋੜਨਾ, ਦਸਾਂ ਨਹੁੰਆਂ ਦੀ ਕਿਰਤ-ਕਮਾਈ ਕਰਨੀ, ਵੰਡ ਛਕਣਾ, ਹਉਮੈ ਤਿਆਗ ਕੇ ਪਰਉਪਕਾਰ ਕਰਨਾ, ਅਗਿਆਨਤਾ ਅਤੇ ਭ੍ਰਮਜਾਲ ਤੋਂ ਬਚਣਾ, ਸਰੀਰ ਦੀ ਪਵਿਤ੍ਰਤਾ, ਨਾਮ ਦਾਨ, ਆਦਿ, ਮੁਕਤੀ-ਪ੍ਰਾਪਤੀ ਦੇ ਸਾਧਨ ਹਨ।

ਸੰਸਾਰ ਦੇ ਕੰਮ-ਕਾਜ ਕਰਦਿਆਂ ਮਾਇਆ ਤੋਂ ਨਿਰਲੇਪ ਰਹਿਕੇ ਵਾਹਿਗੁਰੂ ਦੇ ਹੁਕਮ ਨੂੰ ਸਤਿ ਕਰਕੇ ਮੰਨਣਾ ਹੀ ਮੁਕਤੀ ਦਾ ਸਭ ਤੋਂ ਸਿਧਾ ਰਾਹ ਹੈ। ਫੁਰਮਾਣ ਹੈ,

**'ਕਿਵ ਸਚਿਆਰਾ ਹੋਈਐ ਕਿਵ ਕੂੜੈ ਤੁਟੈ ਪਾਲਿ॥**
**ਹੁਕਮਿ ਰਜਾਈ ਚਲਣਾ ਨਾਨਕ ਲਿਖਿਆ ਨਾਲਿ॥'**
(ਅੰਗ 1)


**'ਨਾਨਕ ਸਤਿਗੁਰਿ ਭੇਟਿਐ ਪੂਰੀ ਹੋਵੈ ਜੁਗਤਿ॥ ਹਸੰਦਿਆ ਖੇਲੰਦਿਆ ਪੈਨੰਦਿਆ ਖਾਵੰਦਿਆ ਵਿਚੇ ਹੋਵੈ ਮੁਕਤਿ॥ '** (ਅੰਗ 522)

ਅਰਦਾਸ ਹੈ ਕਿ ਵਾਹਿਗੁਰੂ ਸਾਨੂੰ ਸਭਨਾਂ ਨੂੰ ਗੁਰਬਾਣੀ ਅਨੁਸਾਰ ਜੀਵਨ ਜਿਉਣ ਦੀ ਸੋਝੀ ਬਖਸ਼ਣ ਤਾਂਕਿ ਵਰਤਮਾਨ ਜੀਵਨ ਵਿਚ ਹੀ ਕਥਿਤ ਜਮਦੂਤਾਂ ਤੋਂ ਮੁਕਤ ਹੋ ਸਕੀਏ।

**ਇਸ ਵਿਸ਼ੇ ਤੇ ਵਿਸਥਾਰ ਵਿੱਚ ਜਾਣਕਾਰੀ ਲਈ Blog (www.sanjhivirasat.org) ਤੇ ਲੇਖ ਪੜ੍ਹੋ ਜੀ।**








## ਸੰਤ ਤੇਜਾ ਸਿੰਘ ਜੀ (1877–1965)

M.A., LLB. (PB.), A.M. (HARVARD)

ਸੰਤ ਤੇਜਾ ਸਿੰਘ ਦਾ ਜਨਮ 14 ਮਈ 1877 ਨੂੰ ਗੁਜਰਾਂਵਾਲਾ (ਹੁਣ ਦੇ ਪਾਕਿਸਤਾਨ) ਵਿੱਚ ਹੋਇਆ ਸੀ। ਉਨ੍ਹਾਂ ਦਾ ਨਾਮ ਨਿਰੰਜਨ ਸਿੰਘ ਰੱਖਿਆ ਗਿਆ ਪਰ ਸੰਤ ਅਤਰ ਸਿੰਘ ਜੀ ਤੋਂ ਅੰਮ੍ਰਿਤ ਛਕਣ ਤੋਂ ਬਾਅਦ ਆਪਣਾ ਨਾਮ ਬਦਲ ਕੇ ਤੇਜਾ ਸਿੰਘ ਰੱਖ ਲਿਆ। ਉਨ੍ਹਾਂ ਨੇ ਗ੍ਰੈਜੂਏਸ਼ਨ, ਐਲ.ਐਲ.ਬੀ. ਤੇ ਐਮ.ਏ., ਪੰਜਾਬ ਯੂਨੀਵਰਸਿਟੀ, ਲਾਹੌਰ ਤੋਂ ਪਾਸ ਕੀਤੀਆਂ। ਉਹ 1904 ਵਿੱਚ ਖਾਲਸਾ ਕਾਲਜ, ਅੰਮ੍ਰਿਤਸਰ ਦੇ ਵਾਈਸ-ਪ੍ਰਿੰਸੀਪਲ ਅਤੇ 1905 ਵਿੱਚ ਕਾਲਜ ਦੇ ਪ੍ਰਿੰਸੀਪਲ ਬਣੇ। ਸੰਤ ਜੀ ਨੇ 1906-1908 ਦੌਰਾਨ ਯੂਨੀਵਰਸਿਟੀ ਕਾਲਜ, ਲੰਡਨ ਅਤੇ ਕੈਂਬਰਿਜ ਯੂਨੀਵਰਸਿਟੀ ਵਿੱਚ ਪੜ੍ਹਾਈ ਕੀਤੀ। ਉਨ੍ਹਾਂ ਨੂੰ ਸਿੱਖ ਸਿਧਾਂਤਾਂ ਅਨੁਸਾਰ ਦਸਤਾਰ ਸਜਾਉਣ ਦੀ ਇਜਾਜ਼ਤ ਦਿੱਤੀ ਗਈ ਸੀ। ਉਹ 1908 ਵਿੱਚ ਟੀਚਰਜ਼ ਕਾਲਜ, ਕੋਲੰਬੀਆ ਯੂਨੀਵਰਸਿਟੀ, ਨਿਊਯਾਰਕ ਵਿੱਚ ਇੱਕ ਸਮਰ ਸਕੂਲ ਵਿੱਚ ਦਾਖਲ ਹੋਏ। ਬਾਅਦ ਵਿੱਚ, ਅਮਰੀਕਾ ਵਿੱਚ ਹਾਰਵਰਡ ਯੂਨੀਵਰਸਿਟੀ ਤੋਂ 1911 ਵਿੱਚ ਆਪਣੀ ਦੂਜੀ ਮਾਸਟਰ ਡਿਗਰੀ ਪ੍ਰਾਪਤ ਕੀਤੀ।'

### ਵਿਦੇਸ਼ਾਂ ਵਿੱਚ ਭਾਰਤੀਆਂ ਲਈ ਸੰਤ ਜੀ ਦੀਆਂ ਨਿਰਸਵਾਰਥ ਸੇਵਾਵਾਂ

ਸੰਤ ਤੇਜਾ ਸਿੰਘ ਜੀ ਨੇ 1910 ਵਿੱਚ ਲੰਡਨ ਦੇ ਸ਼ੈਫਰਡਜ਼ ਬੁਸ਼ ਵਿਖੇ ਅਤੇ 1912 ਵਿੱਚ ਕੈਨੇਡਾ ਵਿੱਚ ਵਿਕਟੋਰੀਆ ਬੀ. ਸੀ. ਵਿਖੇ ਪੱਛਮੀ ਸੰਸਾਰ ਵਿੱਚ ਪਹਿਲੇ ਗੁਰਦੁਆਰੇ ਸਥਾਪਿਤ ਕੀਤੇ। ਉਨ੍ਹਾਂ ਨੇ ਕੈਨੇਡੀਅਨ ਸਰਕਾਰ ਕੋਲ

ਭਾਰਤੀਆਂ ਲਈ ਬੇਨਤੀ ਕੀਤੀ, ਜਿਨ੍ਹਾਂ ਨੂੰ ਦੇਸ਼ ਛੱਡ ਕੇ ਹੋਂਡੂਰਸ ਜਾਣ ਦਾ ਹੁਕਮ ਦਿੱਤਾ ਗਿਆ ਸੀ। ਉਨ੍ਹਾਂ ਨੇ ਸਰਕਾਰ ਵਿਰੁੱਧ ਕਾਨੂੰਨੀ ਲੜਾਈ ਜਿੱਤੀ। ਬਾਅਦ ਵਿੱਚ, ਅਮਰੀਕਾ ਵਿੱਚ ਸਟਾਕਟਨ, ਕੈਲੀਫੋਰਨੀਆ ਵਿਖੇ ਇੱਕ ਗੁਰਦੁਆਰਾ ਸਥਾਪਿਤ ਕੀਤਾ ਅਤੇ 1912 ਵਿੱਚ ਪੈਸੀਫਿਕ ਕੋਸਟ ਖਾਲਸਾ ਦੀਵਾਨ ਸੁਸਾਇਟੀ ਦਾ ਆਯੋਜਨ ਕੀਤਾ। ਸੰਤ ਅਤਰ ਸਿੰਘ ਜੀ ਦੀ ਸੇਵਾ ਕਰਨ

ਲਈ ਸੰਤ ਤੇਜਾ ਸਿੰਘ ਜੀ 1913 ਵਿੱਚ ਵੈਨਕੂਵਰ ਤੋਂ ਭਾਰਤ ਪਰਤੇ।

**ਪੱਛਮੀ ਸੰਸਾਰ ਵਿੱਚ ਸਿੱਖ ਧਰਮ ਦੇ ਪਹਿਲੇ ਰਾਜਦੂਤ**

1917 ਵਿੱਚ, ਉਨ੍ਹਾਂ ਨੇ ਗੁਰੂ ਨਾਨਕ ਖਾਲਸਾ ਕਾਲਜ, ਗੁਜਰਾਂਵਾਲਾ ਬਣਾਇਆ ਅਤੇ ਇਸਦੇ ਪ੍ਰਿੰਸੀਪਲ ਵਜੋਂ ਸੇਵਾ ਨਿਭਾਈ। ਪੰਡਿਤ ਮਦਨ ਮੋਹਨ ਮਾਲਵੀਆ ਦੀ ਬੇਨਤੀ 'ਤੇ ਸੰਤ ਅਤਰ ਸਿੰਘ ਜੀ ਨੇ 1919 ਵਿੱਚ ਉਨ੍ਹਾਂ ਨੂੰ ਬਨਾਰਸ ਵਿਚ ਅਧਿਆਪਕਾਂ ਦੀ ਸਿਖਲਾਈ ਲਈ ਕਾਲਜ ਸ਼ੁਰੂ ਕਰਨ ਲਈ ਭੇਜਿਆ। ਬਾਅਦ ਵਿੱਚ ਉਨ੍ਹਾਂ ਨੇ ਮਸਤੂਆਣਾ ਵਿੱਚ ਅਕਾਲ ਕਾਲਜ ਅਤੇ ਖਾਲਸਾ ਹਾਈ ਸਕੂਲ, ਰਾਵਲਪਿੰਡੀ ਵਿੱਚ, ਅਤੇ ਹੋਰ ਕਈ ਵਿੱਦਿਅਕ ਸੰਸਥਾਵਾਂ ਦੀ ਸਥਾਪਨਾ ਕੀਤੀ। 1932 ਵਿਚ ਆਪ ਨੇ ਨਾਨਕਸਰ ਚੀਮਾ ਵਿਖੇ ਗੁਰਮਤਿ ਵਿਦਿਆਲਿਆ ਦੀ ਉਸਾਰੀ ਦਾ ਬੀੜਾ ਚੁੱਕਿਆ। ਸੰਨ 1954 ਵਿੱਚ ਸੰਤ ਤੇਜਾ ਸਿੰਘ ਜੀ ਗੁਰੂ ਨਾਨਕ ਦੇਵ ਜੀ ਦਾ ਸੰਦੇਸ਼ ਫੈਲਾਉਣ ਲਈ ਅਫਰੀਕੀ ਦੇਸ਼ਾਂ ਵਿੱਚ ਗਏ। ਫਿਰ ਉਹ ਇਸ ਮਕਸਦ ਲਈ ਥਾਈਲੈਂਡ, ਮਲੇਸ਼ੀਆ, ਸਿੰਗਾਪੁਰ, ਜਾਪਾਨ, ਅਮਰੀਕਾ ਅਤੇ ਕੈਨੇਡਾ ਗਏ। ਉਨ੍ਹਾਂ ਨੇ 1956 ਵਿੱਚ ਜਾਪਾਨ ਵਿੱਚ ਵਿਸ਼ਵ ਸ਼ਾਂਤੀ ਲਈ ਧਰਮਾਂ ਦੀ ਅੱਠਵੀਂ ਕਾਂਗਰਸ ਨੂੰ ਸੰਬੋਧਨ ਕੀਤਾ।

**ਬੜੂ ਸਾਹਿਬ ਵਿੱਦਿਅਕ ਕੰਪਲੈਕਸ ਦੀ ਸਥਾਪਨਾ**

ਬੜੂ ਸਾਹਿਬ (ਸੋਲਨ-ਸ਼ਿਮਲਾ ਸੜਕ ਤੋਂ ਲਗਭਗ 40 ਮੀਲ ਦੂਰ) ਦਾ ਸਥਾਨ ਉਨ੍ਹਾਂ ਨੇ ਸਿੱਖਿਆ ਦੇ ਪ੍ਰਚਾਰ ਲਈ ਚੁਣਿਆ ਜਿਥੇ (ਗੁਰੂਕੁਲਾਂ ਵਾਂਗ) ਅਧਿਆਤਮਿਕ ਮੁੱਲ-ਆਧਾਰਿਤ ਸਿੱਖਿਆ ਨੂੰ ਵਿਦਿਆਰਥੀਆਂ ਦੀ ਆਧੁਨਿਕ ਵਿਗਿਆਨਕ ਸਿੱਖਿਆ ਨਾਲ ਜੋੜਿਆ ਜਾ ਸਕੇ। ਉਹ ਪੱਛੜੇ ਅਤੇ ਦੂਰ-ਦੁਰਾਡੇ ਦੇ ਖੇਤਰਾਂ ਦੇ ਵਸਨੀਕਾਂ, ਖਾਸ ਕਰਕੇ ਲੜਕੀਆਂ ਨੂੰ ਮੁਫਤ ਸਿੱਖਿਆ ਅਤੇ ਸਿਹਤ ਸੇਵਾਵਾਂ ਲਈ ਬੜੂ ਸਾਹਿਬ ਵਿਖੇ, ਉਨ੍ਹਾਂ ਨੇ 1957 ਵਿੱਚ "ਕਲਗੀਧਰ ਟਰੱਸਟ" ਬਣਾਈ।

3 ਜੁਲਾਈ 1965 ਨੂੰ ਉਨ੍ਹਾਂ ਦੇ ਦੇਹਾਂਤ ਤੋਂ ਬਾਅਦ, ਇਸ ਟਰੱਸਟ ਦੀਆਂ ਗਤੀਵਿਧੀਆਂ ਬਾਬਾ ਇਕਬਾਲ ਸਿੰਘ ਜੀ (ਹਿਮਾਚਲ ਪ੍ਰਦੇਸ਼ ਵਿੱਚ ਸਾਬਕਾ ਖੇਤੀਬਾੜੀ ਡਾਇਰੈਕਟਰ) ਦੁਆਰਾ ਚਲਾਈਆਂ ਗਈਆਂ।

**ਸੰਤ ਅਤਰ ਸਿੰਘ ਜੀ ਅਤੇ ਸੰਤ ਤੇਜਾ ਸਿੰਘ ਜੀ ਦੇ ਮਾਰਗ-ਦਰਸ਼ਨ ਦਾ ਪ੍ਰਭਾਵ**

ਬਾਬਾ ਇਕਬਾਲ ਸਿੰਘ ਜੀ ਦੇ 29 ਜਨਵਰੀ 2022 ਨੂੰ (95 ਸਾਲ ਦੀ ਉਮਰ ਵਿੱਚ), ਅਕਾਲ ਚਲਾਣੇ ਤੋਂ ਬਾਅਦ ਡਾ. ਦਵਿੰਦਰ ਸਿੰਘ, ਐਮ.ਡੀ. (ਮੈਡੀਸਨ), ਕਲਗੀਧਰ ਟਰੱਸਟ ਦੇ ਮੌਜੂਦਾ ਪ੍ਰਧਾਨ ਬਣੇ। ਆਪਣੀ ਧਰਮ ਪਤਨੀ ਡਾ. ਨੀਲਮ ਕੌਰ, ਐਮ.ਐਸ.(ਆਈ), ਦੇ ਨਾਲ ਉਹ ਵਿਦਿਅਕ ਅਤੇ ਚੈਰੀਟੇਬਲ ਸੰਸਥਾਵਾਂ ਦੇ ਇਸ ਵੱਡੇ ਸਮੂਹ ਦੀ ਸ਼ਰਧਾ ਨਾਲ ਸੇਵਾ ਕਰ ਰਹੇ ਹਨ। ਪਿਛਲੇ ਕਈ ਦਹਾਕਿਆਂ ਤੋਂ ਕਲਗੀਧਰ ਟਰੱਸਟ ਦੋ ਯੂਨੀਵਰਸਿਟੀਆਂ (ਇੱਕ ਬੜੂ ਸਾਹਿਬ ਅਤੇ ਦੂਜੀ ਤਲਵੰਡੀ ਸਾਬੋ, ਬਠਿੰਡਾ, ਪੰਜਾਬ ਵਿੱਚ), ਬੜੂ ਸਾਹਿਬ ਵਿਖੇ ਇੱਕ ਇੰਜੀਨੀਅਰਿੰਗ ਕਾਲਜ, ਤੇ ਉੱਤਰੀ ਭਾਰਤ ਵਿੱਚ 130 ਹਾਈ ਸਕੂਲਾਂ ਦਾ ਪ੍ਰਬੰਧਨ ਕਰਦਾ ਹੈ।

ਇਹ ਸਕੂਲ ਭਾਰਤ ਦੇ ਕੇਂਦਰੀ ਸੈਕੰਡਰੀ ਸਿੱਖਿਆ ਬੋਰਡ (ਸੀ.ਬੀ.ਐਸ.ਈ.) ਨਾਲ ਸਬੰਧਤ ਹਨ। ਇਸ ਤੋਂ ਇਲਾਵਾ, ਇਹ ਟਰੱਸਟ ਅਨਾਥਾਂ, ਵਿਧਵਾਵਾਂ ਅਤੇ ਬਹੁਤ ਬੁੱਢੇ ਬੇਸਹਾਰਾ ਲੋਕਾਂ ਲਈ ਚੈਰੀਟੇਬਲ ਸੰਸਥਾਵਾਂ ਚਲਾਉਂਦਾ ਹੈ। ਟਰੱਸਟ ਨੇ ਭੁਚਾਲਾਂ, ਹੜ੍ਹਾਂ ਅਤੇ ਮਹਾਂਮਾਰੀ ਵਰਗੀਆਂ ਕੁਦਰਤੀ ਆਫ਼ਤਾਂ ਵਿੱਚ ਸਾਰੇ ਭਾਈਚਾਰਿਆਂ ਦੇ ਲੋੜਵੰਦਾਂ ਲਈ ਨਿਰਸਵਾਰਥ ਸੇਵਾਵਾਂ ਪ੍ਰਦਾਨ ਕੀਤੀਆਂ ਹਨ। ਗਰੀਬ ਲੋਕਾਂ ਲਈ ਸਾਲ ਭਰ ਮੁਫਤ ਡਾਕਟਰੀ ਦੇਖਭਾਲ ਉਪਲਬਧ ਹੁੰਦੀ ਹੈ। ਇਹਨਾਂ ਸਾਰੀਆਂ ਨੇਕ ਅਤੇ ਮਾਨਵਤਾਵਾਦੀ ਸੇਵਾਵਾਂ ਨੂੰ ਸੰਤ ਤੇਜਾ ਸਿੰਘ ਜੀ ਨੇ ਸੰਤ ਅਤਰ ਸਿੰਘ ਜੀ ਦੀ ਅਧਿਆਤਮਿਕ ਦ੍ਰਿਸ਼ਟੀ ਅਤੇ ਮਾਰਗ-ਦਰਸ਼ਨ ਅਨੁਸਾਰ ਲਾਗੂ ਕੀਤਾ।

ਸੰਤ ਤੇਜਾ ਸਿੰਘ ਜੀ ਸੰਸਾਰ ਦੇ ਇਤਿਹਾਸ ਅਤੇ ਕਾਨੂੰਨ ਦੇ ਬਹੁਤ ਵੱਡੇ ਵਿਦਵਾਨ ਸਨ। ਭਾਰਤ ਦੀ ਆਜ਼ਾਦੀ ਲਈ ਉਨ੍ਹਾਂ 'ਗਦਰ ਪਾਰਟੀ' ਦੀ ਨੀਂਹ ਰੱਖੀ ਸੀ। **ਕੈਨੇਡਿਅਨ ਸਰਕਾਰ ਨੇ ਉਨ੍ਹਾਂ ਦੇ ਸਤਿਕਾਰ ਵਿਚ ਹਰ ਸਾਲ ਪਹਿਲੀ ਜੁਲਾਈ ਦਾ ਦਿਨ ਉਨ੍ਹਾਂ ਦੀ ਯਾਦ ਵਿਚ ਮਨਾਉਣ ਦਾ ਫੈਸਲਾ ਕੀਤਾ ਹੈ।**

ਡਾ: ਸੁਰਜੀਤ ਸਿੰਘ ਭੱਟੀ, ਕੈਲਗਰੀ (ਕੈਨੇਡਾ)

# ਇਨਸਾਨੀਅਤ ਅਜੇ ਬਾਕੀ ਹੈ

ਹਰਪ੍ਰੀਤ ਸਿੰਘ ਜਵੰਦਾ, ਵਿਨੀਪੈਗ (ਕੈਨੇਡਾ)

ਵੀਹ ਕੂ ਸਾਲ ਉਮਰ ਸੀ... ਕਿਸੇ ਮਜਬੂਰੀ ਵੱਸ ਉਸਨੂੰ ਪਹਿਲੀ ਬੇਸਮੇਂਟ ਛੱਡਣੀ ਪਈ।

ਜਦੋਂ ਦੀ ਸਾਡੇ ਇਥੇ ਸ਼ਿਫਟ ਹੋਈ ਸੀ ਹਮੇਸ਼ਾਂ ਥੋੜਾ ਪ੍ਰੇਸ਼ਾਨ ਜਿਹੀ ਦਿਸਿਆ ਕਰਦੀ... ਇੱਕ ਦਿਨ ਉਸਨੇ ਕਿਰਾਇਆ ਪੁੱਛਿਆ...

ਆਖਿਆ ਬੇਟਾ ਬੱਸ ਬੱਤੀ ਪਾਣੀ ਦੇ ਹੀ ਦੇ ਦਿਆ ਕਰ...ਹੈਰਾਨ ਹੋਈ, ਆਖਣ ਲੱਗੀ ਅੰਕਲ ਏਨੇ ਘੱਟ...!

ਆਖਿਆ ਬੇਟਾ ਮਜਬੂਰੀ ਮੂਹੋਂ ਭਾਵੇਂ ਕੁਝ ਨਹੀਂ ਬੋਲਦੀ ਪਰ ਅੱਖੀਆਂ ਰਾਹੀਂ ਪ੍ਰਕਟ ਜਰੂਰ ਹੋ ਜਾਂਦੀ ਹੈ। ਤੂੰ ਆਪਣੀ ਪ੍ਰੇਸ਼ਾਨੀ ਦੀ ਵਜਾ ਦੱਸ? ਅੱਗੋਂ ਰੋ ਪਈ ਅਖ਼ੇ ਮਾਂ ਹੈ ਨਹੀਂ ਤੇ ਬਾਪ ਰਿਟਾਇਰਡ ਫੌਜੀ ਏ।

ਕਾਰਗਿਲ ਯੁੱਧ ਵੇਲੇ ਲੱਤ ਕੱਟੀ ਗਈ ਸੀ, ਸਰਕਾਰ ਨੇ ਜਿੰਨੇ ਲਾਰੇ ਲਾਏ ਕੋਈ ਪੂਰਾ ਨਹੀਂ ਕੀਤਾ। ਹੁਣ ਪਿੰਡ ਵਿਚ ਹੀ ਨਿੱਕੀ ਜਿਹੀ ਦੁਕਾਨ ਕਰਦਾ ਏ! ਕੁਝ ਹੋਰ ਪਏ ਘਾਟਿਆਂ ਕਰਕੇ ਸਦਾ ਲਈ ਥੱਲੇ ਲੱਗ ਗਿਆ।

ਮਸਾਂ ਏਧਰੋਂ ਓਧਰੋਂ ਕਰਕੇ ਮੈਨੂੰ ਏਧਰ ਭੇਜਿਆ। ਹੁਣ ਫੀਸ ਵਿਚੋਂ ਪੰਦਰਾਂ ਕੂ ਸੌ ਡਾਲਰ ਘਟਦੇ ਨੇ, ਤੇ ਕੱਲ ਜਮਾ ਕਰਾਉਣ ਦਾ ਆਖਰੀ ਦਿਨ ਏ!

ਬਿੰਦ ਕੂ ਸੋਚ ਅੰਦਰੋਂ ਚੈੱਕ ਬੁਕ ਲਿਆਂਧੀ ਤੇ ਪੰਦਰਾਂ ਸੌ ਡਾਲਰ ਦਾ ਚੈਕ ਕੱਟ ਉਸਨੂੰ ਫੜਾ ਦਿੱਤਾ। ਹੱਕੀ ਬੱਕੀ ਹੋਈ ਕਦੀ ਚੈਕ ਵੱਲ ਤੇ ਕਦੀ ਮੇਰੇ ਵੱਲ ਵੇਖੀ ਜਾਵੇ। ਫੇਰ ਜ਼ਾਰੋ-ਜਾਰ ਰੋਂਦੀ ਹੋਈ ਮੇਰੇ ਨਾਲ ਲੱਗ ਗਈ...!

ਮੈਂ ਸ਼ਾਇਦ ਇਸ ਘਟਨਾਕ੍ਰਮ ਵਾਸਤੇ ਬਿਲਕੁਲ ਵੀ ਤਿਆਰ ਨਹੀਂ ਸਾਂ। ਫੇਰ ਵੀ ਉਸਦੇ ਸਿਰ ਤੇ ਹੱਥ ਫੇਰ ਪੁੱਛਿਆ...ਜਿਉਂਣ ਜੋਗੀਏ ਹੁਣ ਕਿਓਂ ਰੋਈ ਜਾਂਦੀ ਏ, ਹੁਣ ਤੇ ਤੇਰਾ ਕੰਮ ਵੀ ਹੋ ਗਿਆ?



ਆਖਣ ਲੱਗੀ ਅੰਕਲ ਡੈਡੀ ਚੇਤੇ ਆ ਗਿਆ। ਤੋਰਨ ਵੇਲੇ ਦੋ ਗੱਲਾਂ ਆਖੀਆਂ ਸਨ ਉਸਨੇ...।

ਪਹਿਲੀ ਕੇ ਕੋਈ ਐਸਾ ਕੰਮ ਨਾ ਕਰੀਂ ਕੇ ਤੇਰੇ ਕੱਲੇ ਕਾਰੇ ਪਿਓ ਨੂੰ ਲੋਕਾਂ ਸਾਹਵੇਂ ਅੱਖਾਂ ਨੀਵੀਆਂ ਕਰਨੀਆਂ ਪੈਣ ਤੇ ਦੂਜੀ ਜਦੋਂ ਵੀ ਕਿਸੇ ਮੁਸ਼ਕਿਲ ਵਿਚ ਹੋਵੇਂ... ਵਾਹਿਗੁਰੂ ਆਖ ਚੇਤੇ ਜਰੂਰ ਕਰ ਲਵੀਂ। ਇੱਕ ਲੱਤ ਵਾਲਾ ਇਹ ਭਾਈ ਜਰੂਰ ਤੇਰੇ ਲਾਗੇ ਚਾਗੇ ਹੀ ਹੋਊ...!

ਅੱਜ ਤੁਹਾਨੂੰ ਵੇਖ ਇੰਝ ਲੱਗਿਆ ਸਹੀ ਆਖਦਾ ਸੀ ਉਹ ਤੁਹਾਡੇ ਵਿਚੋਂ ਮੈਨੂੰ ਮੇਰਾ ਡੈਡੀ ਨਜ਼ਰੀਂ ਪਿਆ...! ਇਸ ਵਾਰ ਰੋਣ ਦੀ ਵਾਰੀ ਸ਼ਾਇਦ ਮੇਰੀ ਸੀ। ਮੈਂ ਰੋਇਆ ਵੀ ਜਰੂਰ ਪਰ ਦੋ ਵਾਰੀ। ਦੂਜੀ ਵਾਰੀ ਓਦੋਂ ਜਦੋਂ ਉਹ ਉਧਾਰ ਲਏ ਵਾਪਿਸ ਮੋੜਨ ਆਈ...!

ਦੋਸਤੋ, ਟੋਰੰਟੋਂ ਵਾਪਰੀ ਇਸ ਸੱਚੀ ਘਟਨਾ ਨੂੰ ਤੁਹਾਡੇ ਤੱਕ ਅਪੜਾਉਣ ਦਾ ਮਕਸਦ ਸਿਰਫ ਏਨੀ ਗੱਲ ਦੱਸਣਾ ਹੈ ਕੇ ਹਾਲਾਤ ਅਜੇ ਏਨੇ ਵੀ ਨਹੀਂ ਵਿਗੜੇ ਕਿ ਹਰ ਮਜਬੂਰੀ ਦਾ ਫਾਇਦਾ ਹੀ ਚੁੱਕਿਆ ਜਾਂਦਾ ਹੋਵੇ...। ਕੁਝ ਦੇਵ ਪੁਰਸ਼ਾਂ ਨੂੰ ਬੇਗਾਨੀਆਂ ਵਿਚੋਂ ਅਜੇ ਵੀ ਮਾਵਾਂ, ਭੈਣਾਂ ਤੇ ਧੀਆਂ ਹੀ ਨਜਰ ਆਉਂਦੀਆਂ ਨੇ!

## ਸੁਲਝੀ ਹੋਈ ਮਾਂ

ਬਲਰਾਜ ਕੌਰ ਚੰਦੇਲ, ਜੰਲਧਰ (ਭਾਰਤ)



"ਮਾਂ, ਇਹ ਚਾਚੀ ਤੇ ਤਾਈ ਬਾਰ ਬਾਰ ਇੱਕੋ ਗੱਲ ਪੁੱਛਦੀਆਂ," ਬਾਪੂ ਦੇ ਭੋਗ ਤੇ ਕੀ ਕੀ ਪਾਉਣਾ। "

ਬਾਪੂ ਦੀ ਮੌਤ ਤੋ ਟੁੱਟੇ ਹੋਏ ਮਹਿੰਦਰ ਸਿੰਘ ਨੇ ਮਾਂ ਨੂੰ ਹੋਲੀ ਜਿਹੇ ਪੁਛਿਆ । ਮਾਂ ਨੇ ਪੁੱਤ ਨੂੰ ਗਲ ਨਾਲ ਲਾਇਆ ਤੇ ਭਰੇ ਹੋਏ ਗਲੇ ਨਾਲ ਬੋਲੀ "ਪੁੱਤ ਤੈਨੂੰ ਤਾਂ ਪਤਾ, ਤੇਰੇ ਬਾਪੂ ਦੀ ਬਿਮਾਰੀ ਨੇ ਘਰ ਧੋ ਦਿੱਤਾ, ਕੋਈ ਕਸਰ ਨਹੀਂ ਛੱਡੀ ਇਲਾਜ ਵਲੋਂ ਤੇ ਅਗੋਂ ਤੇਰੀ ਪੜ੍ਹਾਈ ਦਾ ਆਖਰੀ ਸਾਲ, ਪੁੱਤ ਤੇਰਾ ਮੇਰਾ ਕੁੱਝ ਵੰਡਿਆ? ਮੈਨੂੰ ਕੀ ਪਾਉਣਾ, ਸਾਦਾ ਦਾਲ ਫੁਲਕਾ ਚੱਲੂ। ਨਾਲੇ ਤੇਰੇ ਬਾਪੂ ਦੇ ਮਰਨ ਦੀ ਮੈਨੂੰ ਕੋਈ ਖੁਸ਼ੀ ਨਹੀਂ ਤੇ ਨਾਂ ਹੀ ਸ਼ਰੀਕਾਂ ਨੂੰ ਝੂਠਾ ਦਿਖਾਵਾ ਦਿਖਾਉਣ ਦਾ ਸ਼ੌਕ।

ਸੁਲਝੀ ਹੋਈ ਮਾਂ ਦਾ ਕਹਿਣਾ ਮੰਨ ਕੇ ਕਰਜੇ ਦੇ ਬੋਝ ਤੋਂ ਬਿਨਾਂ ਬਾਪੂ ਦੇ ਭੋਗ ਤੋਂ ਫ਼ਾਰਿਗ ਹੋਕੇ ਮਹਿੰਦਰ ਸਿੰਘ ਵਾਪਸ ਪੜ੍ਹਣ ਚਲਾ ਗਿਆ।

ਦੋ ਸਾਲ ਬਾਦ ਸਰਕਾਰੀ ਅਫ਼ਸਰ ਤੇ ਸਰਕਾਰੀ ਗੱਡੀ ਤੇ ਪਿੰਡ ਵਾਪਸ ਆਇਆ। ਵਾਹਵਾ ਟੌਰ ਦੇਖ ਕੇ ਚਾਚੀਆਂ ਤਾਈਆਂ ਵਚੋਲਣਾ ਬਣਨ ਲੱਗੀਆਂ । ਸ਼ਰੀਕੇ ਵਿੱਚ ਕੁੜ ਕੁੜ ਹੋਣ ਲੱਗੀ "ਲੈ ਹੁਣ ਕਸਰਾਂ ਨਿਕਲਣਗੀਆਂ"। ਵਿਆਹ ਤਾਂ ਪੱਕਾ ਹੋ ਗਿਆ ਪਰ ਸਾਦੇ ਵਿਆਹ ਦੀ ਮੰਗ ਮਨਾਂ ਕੇ ।

ਕੁੜੀ ਤਿੰਨੀ ਕਪੜੀਂ ਵਿਆਹ ਲਿਆਦੀ ਤੇ ਘਰ ਪਾਠ/ਕੀਰਤਨ ਰਖਾ ਦਿੱਤਾਂ ।ਨਵੇਂ ਵਿਆਹੇ ਜੋੜੇ ਨੇ ਅਪਣੇ ਹਥੀਂ ਘਰ ਸੱਦੀ ਸਾਰੀ ਸੰਗਤ ਨੂੰ ਪ੍ਰਸਾਦ ਬਰਤਾਇਆ ।

ਅੰਤ ਵਿੱਚ ਮਾਂ ਨੇ ਸਾਰਿਆਂ ਅੱਗੇ ਹੱਥ ਜੋੜ ਕੇ ਕਿਹਾ "ਮੇਰੇ ਪੁੱਤ ਨੇ ਅਪਣੇ ਬਾਪੂ ਦੇ ਸਾਦੇ ਭੋਗ ਤੇ ਅਪਣੇ ਸਾਦੇ ਵਿਆਹ ਨਾਲ ਜੋ ਰਕਮ ਬਚਾਈ, ਮੈਂ ਇਹ ਚੈੱਕ ਪਿੰਡ ਦੀ ਭਲਾਈ ਸਕੀਮ ਲਈ ਪਿੰਡ ਦੀ ਪੰਚਾਇਤ ਨੂੰ ਭੇਂਟ ਕਰਦੀ ਹਾਂ, ਤੇ ਸਮੂੰਹ ਸੰਗਤ ਨੂੰ ਬੇਨਤੀ ਕਰਦੀ ਹਾਂ ਕਿ ਸਾਦੇ ਵਿਆਹ ਤੇ ਸਾਦੇ ਭੋਗ ਦੀ ਰਸਮ ਅਪਨਾਓ ਤੇ ਵਾਧੂ ਦੇ ਦਿਖਾਵਿਆਂ ਤੋਂ ਬਚੋ ।

## **ਚੱਜ ਹੋਵੇ ਤਾਂ ਰੱਜ ਹੁੰਦਾ ਏ।**

ਮਨਬੀਰ ਸਿੰਘ ਧਾਮੀ, ਸਾਊਥ ਕੋਰੀਆ



ਚੱਜ ਹੋਵੇ ਤਾਂ ਰੱਜ ਹੁੰਦਾ ਏ।
ਘਰ ਬੈਠੈ ਹੀ ਹੱਜ ਹੁੰਦਾ ਏ।

ਰਜ਼ਾ ਉਹਦੀ ਵਿੱਚ ਹੋ ਜਾ ਰਾਜ਼ੀ,
ਆਪੇ ਪਰਦਾ ਕੱਜ ਹੁੰਦਾ ਏ।

ਕੱਲ੍ਹ ਕਿਸੇ ਨਾ ਕਦੇ ਵੇਖਿਆ,
ਜੋ ਹੁੰਦਾ ਸੋ ਅੱਜ ਹੁੰਦਾ ਏ।

ਗੁਰ ਦਰ ਛੱਡੇ ਦਰ ਦਰ ਮੰਗੇ,
ਬੰਦਾ ਉਹ ਨਿਰਲੱਜ ਹੁੰਦਾ ਏ।

ਜੋ ਲਿਖਿਆ ਉਹ ਮਿਲ ਹੀ ਜਾਣਾ
ਮੰਗਣ ਦਾ ਤਾਂ ਪੱਜ ਹੁੰਦਾ ਏ।

ਮੋਹ ਵਾਲਾ ਇਹ ਰਿਸ਼ਤਾ ਦਿਲ ਚੋਂ,
ਜਿਉਂਦੇ ਜੀਅ ਨ ਤੱਜ ਹੁੰਦਾ ਏ।

ਲੁਕ ਛਿਪ ਕੇ ਤਾਂ ਚੋਰੀ ਹੁੰਦੀ,
ਪਿਆਰ ਸਦਾ ਗੱਜ ਵੱਜ ਹੁੰਦਾ ਏ।

ਜਦ ਤੱਕ ਸਾਹਾਂ ਦੇ ਵਿੱਚ ਸਾਹ ਨੇ
ਫ਼ਰਜ਼ਾਂ ਤੋਂ ਨਾ ਭੱਜ ਹੁੰਦਾ ਏ।

'ਬੀਰ' ਦੇ ਅੰਬਰਾਂ ਨਾਲ ਯਾਰਾਨੇ
ਪਿੰਜਰੇ ਵਿੱਚ ਨਾ ਬੱਝ ਹੁੰਦਾ ਏ।

# ਆਓ ਮੁਹੱਬਤਾਂ ਭੇਜੀਏ

ਡਾ: ਗੁਰਮਿੰਦਰ ਕੌਰ ਸਿੱਧੂ, ਸਰੀ, (ਕੈਨੇਡਾ)

(gurmindersidhu13@gmail.com)



ਆਓ ! ਸੁਨੇਹੇ ਭੇਜੀਏ ਮੁਹੱਬਤਾਂ ਵਿੱਚ ਗੁੰਨ੍ਹ ਕੇ
ਆਓ ! ਮੁਹੱਬਤਾਂ ਭੇਜੀਏ ਸੱਤਾਂ ਸੁਰਾਂ ਵਿੱਚ ਬੰਨ੍ਹ ਕੇ
ਆਓ ਨਾ ਮਹਿਕਾਂ ਭੇਜੀਏ ! ਪੌਣਾਂ ਕੰਧੇੜੇ ਚਾੜ੍ਹ ਕੇ
ਕਿ ਤਲਖੀਆਂ ਦੇ ਸੇਕ ਨੇ ਸਬਰਾਂ ਦੇ ਸੰਗਲ ਭੰਨ ’ਤੇ

ਇੰਟਰਨੈਟ ਤੇ ਫੋਨ ਨੂੰ ਆਪਾਂ ਬਣਾਈਏ ਡਾਕੀਏ
ਸਾਂਝਾਂ ਦੀ ਬਾਰੀ ਖੋਲ੍ਹ ਕੇ, ਆਓ ਦਿਲਾਂ ਵਿਚ ਝਾਕੀਏ!
ਕਿ ਨਫਰਤਾਂ ਦੇ ਵੇਲਣੇ, ਖ਼ੁਸ਼ੀਆਂ ਦਾ ਪਿੰਡਾ ਪੀੜਿਆ
ਸਰਹੱਦਾਂ ਦੀਆਂ ਵਾੜਾਂ ਨੇ ਵਸਲਾਂ ਦਾ ਬੂਹਾ ਭੀੜਿਆ

ਆਓ ਨਾ ਭੇਲੀ ਭੇਜੀਏ, ਗੁੜ ਦੀ ਸ਼ਗਨ ਦੀ, ਅਮਨ ਦੀ
ਭਾਜੀ ਨਾ ਹੁਣ ਪਾਵੇ ਕੋਈ, ਭਾਜੀ ਨਾ ਕੋਈ ਮੋੜਿਓ!
ਆਓ ਨਾ ਛਿੱਟੇ ਮਾਰੀਏ! ਹੁਣ ਭਾਂਬੜਾਂ ਦੇ ਸੇਕ ’ਤੇ
ਜ਼ਿੰਦਗੀ ਦੀ ਡੋਲੀ ਸੋਹਣਿਓ! ਸਿਵਿਆਂ ਦੇ ਰਾਹ ਨਾ ਤੋਰਿਓ!

ਆਓ ਨਾ ਕਰਵਾ-ਚੌਥ ਨੂੰ, ਮਿੱਠਤ ਦੀ ਸਰਘੀ ਭੇਜੀਏ
ਤੇ ਈਦ ਨੂੰ ਘੱਲ ਸੇਵੀਂਆਂ, ਰੋਸੇ ਦਾ ਵਰਤ ਤੋੜੀਏ
ਇਸ ਅੱਗ ਦੀ ਤਲਵਾਰ ਨੂੰ ਹੁਣ ਸਾਗਰਾਂ ਵਿੱਚ ਧਰ ਦਿਓ!
ਆਓ ਨਾ ਸੋਚਾਂ ਫੋਲੀਏ! ਆਓ ਨਾ ਗੰਢਾਂ ਖੋਲ੍ਹੀਏ

ਨਫਰਤ ਦੀ ਸਿੰਜੀ ਧਰਤ ’ਤੇ,ਫੁੱਲਾਂ ਦੇ ਬੀਜ ਡੋਲ੍ਹੀਏ!
ਟਸ-ਟਸ ਕਰਦੇ ਜ਼ਖਮਾਂ ’ਤੇ ਕੋਈ ਮੋਹ ਦੇ ਫੈਹੇ ਧਰ ਦਈਏ
ਜ਼ਿੰਦਗੀ ਨੂੰ ਫੇਰ ਆਪਾਂ ਜਿਉਣ-ਜੋਗੀ ਕਰ ਦਈਏ
ਮਨੁੱਖਤਾ ਦੇ ਸੀਸ ’ਤੇ, ਸਾਂਝਾਂ ਦਾ ਮੁਕਟ ਧਰ ਦਈਏ।

ਆਓ ਨਾ ਸਾਹਵੇਂ ਰੱਖੀਏ, ਰੂਹਾਂ ਦੀ ਸੁੱਚੀ ਛਾਨਣੀ
ਟੁੱਟੇ ਹੋਏ ਚੰਦ ਨੂੰ, ਦੇ ਕੇ ਅਰਘ ਫਿਰ ਜੋੜੀਏ
ਇਹ ਧਮਕੀਆਂ ਲਲਕਾਰਾਂ ਕਿਉਂ ਨੇ ਚਿੱਲਿਆਂ ‘ਤੇ ਚਾੜ੍ਹੀਆਂ?
ਜੰਗਾਂ ਦੇ ਵਿਚ ਮਾਵਾਂ ਦੀਆਂ ਹਿੱਕਾਂ ਹੀ ਜਾਵਣ ਪਾੜੀਆਂ

ਆਓ ਨਾ ਰਲ ਕੇ ਖੇਡੀਏ! ਆਓ ਨਾ ਪਾਈਏ ਆੜੀਆਂ
ਅੰਬਾਂ ਉੱਤੇ, ਬੰਬਾਂ ਦੀਆਂ ਛਾਵਾਂ ਨੇ ਹੁੰਦੀਆਂ ਮਾੜੀਆਂ
ਸੰਭਲੋ ਵੇ ਆਰ ਵਾਲਿਓ! ਸੰਭਲੋ ਵੇ ਪਾਰ ਵਾਲਿਓ !
ਸੰਭਲੋ ਵੇ ਵਤਨਾਂ ਵਾਲਿਓ! ਦੋਵਾਂ ਪੰਜਾਬਾਂ ਵਾਲਿਓ!
ਤਲੀਆਂ ’ਤੇ ਮਹਿੰਦੀ ਦੀ ਜਗ੍ਹਾ, ਅੰਗਿਆਰੀਆਂ ਨਾ ਧਰ ਦਿਓ

ਬਾਲਾਂ ਦੇ ਨੈਣਾਂ ਵਿੱਚ ਨਾ, ਬਾਰੂਦ-ਸੁਰਮਾ ਭਰ ਦਿਓਹਾੜ੍ਹਾ ਵੇ!
ਰੱਬ ਦਾ ਵਾਸਤਾ! ਅੰਬਰ ਨਾ ਕਤਲ ਕਰ ਦਿਓ
ਵੱਡਿਓ ਵੇ ਫੌਜਾਂ ਵਾਲਿਓ! ਧਰਤੀ ਨਾ ਵਿਧਵਾ ਕਰ ਦਿਓ
ਰੱਖੋ ਵੇ ਫੈਹੇ ਬਰਫ ਦੇ, ਪਰਮਾਣੂੰਆਂ ਦੀ ਤਪਸ਼ ’ਤੇ

# ਮਈ ਦਾ ਮਹੀਨਾ

ਰੂਬੀਨਾ ਸਿੰਘ, ਵਿਦਿਆਰਥਣ, ਯੂਨੀਵਰਸਿਟੀ ਆਫ ਕੈਲਗਰੀ (ਕੈਨੇਡਾ)

ਮਈ ਗ੍ਰੈਗੋਰੀਅਨ (ਸੂਰਜੀ) ਕੈਲੰਡਰ ਦਾ ਪੰਜਵਾਂ ਮਹੀਨਾ ਹੈ ਅਤੇ ਇਸਦਾ ਨਾਮ ਯੂਨਾਨੀ ਦੇਵੀ 'ਮੀਆ' ਲਈ ਰੱਖਿਆ ਗਿਆ ਸੀ। ਰੋਮਨ ਵੀ ਇੱਕ ਅਜਿਹੀ ਦੇਵੀ ਦੀ ਪੂਜਾ ਕਰਦੇ ਸਨ ਅਤੇ ਮਈ ਦੇ ਦੌਰਾਨ ਉਸਦੇ ਸਨਮਾਨ ਵਿੱਚ ਇੱਕ ਤਿਉਹਾਰ ਮਨਾਉਂਦੇ ਸਨ। ਨਾਨਕਸ਼ਾਹੀ (ਚੰਦਰਮਾ-ਆਧਾਰਿਤ) ਕੈਲੰਡਰ ਵਿੱਚ, ਇਹ ਤੀਜੇ ਮਹੀਨੇ ਜੇਠ ਨਾਲ ਜੁੜਦਾ ਹੈ। ਗੁਰੂ ਸਾਹਿਬ ਇਸ ਦੇ ਬ੍ਰਹਮ ਮਹੱਤਵ ਦੀ ਵਿਆਖਿਆ ਕਰਦੇ ਹਨ।

**ਮਾਹੁ ਜੇਠੁ ਭਲਾ ਪ੍ਰੀਤਮ ਕਿਉ ਬਿਸਰੈ॥ ਅੰਗ-1108 ॥**

**ਅਰਥ ਹੈ:** ਜੇਠ ਦਾ ਮਹੀਨਾ ਸ੍ਰੇਸ਼ਟ ਹੈ। (ਇਸ ਵਿਚ) ਪਿਆਰੇ ਵਾਹਿਗੁਰੂ ਨੂੰ ਕਿਵੇਂ ਭੁਲਾਇਆ ਜਾ ਸਕਦਾ ਹੈ?

**ਹਰ ਜੇਠਿ ਜੁੜੰਦਾ ਲੋੜੀਐ ਜਿਸੁ ਅਗੈ ਸਭਿ ਨਿਵੰਨਿ॥...**
**ਸਾਧੂ ਸੰਗੁ ਪਰਾਪਤੇ ਨਾਨਕ ਰੰਗ ਮਾਣੰਨਿ॥ਅੰਗ-134॥**

**ਭਾਵ** ਸਾਨੂੰ ਆਪਣੇ ਆਪ ਨੂੰ ਉਸ (ਰੱਬ) ਨਾਲ ਜੋੜਨ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ ਜਿਸ ਦੇ ਅੱਗੇ ਸਾਰੇ ਝੁਕਦੇ ਹਨ। ਸੰਤਾਂ ਦੀ ਸੰਗਤਿ ਵਿਚ ਇਹ ਆਨੰਦ ਪ੍ਰਾਪਤ ਹੋ ਸਕਦਾ ਹੈ।

**8 ਮਈ 'ਮਾਂ ਦਿਵਸ' (**Mothers Day) ਵਜੋਂ ਮਨਾਇਆ ਜਾਂਦਾ ਹੈ ਅਤੇ ਇਹ ਮਾਵਾਂ ਨੂੰ ਸਮਰਪਿਤ ਹੈ। ਉਨ੍ਹਾਂ ਨੂੰ ਪਿਆਰ ਕੀਤਾ ਜਾਂਦਾ ਹੈ ਅਤੇ ਉਨ੍ਹਾਂ ਦੀ ਕਦਰ ਕੀਤੀ ਜਾਂਦੀ ਹੈ। ਈਸਾਈ 8-ਵੀਂ ਸਦੀ ਤੋਂ 'Mothering Sunday' ਨਾਂ ਦਾ ਤਿਉਹਾਰ ਮਨਾਉਂਦੇ ਹਨ ਜਿਸ ਵਿੱਚ ਦਾਦੀ, ਭੈਣਾਂ ਅਤੇ ਸੱਸ ਵੀ ਸ਼ਾਮਲ ਹਨ। ਅਮਰੀਕਾ ਵਿੱਚ ਇੱਕ ਸਮਾਜਕ ਕਾਰਕੁਨ ਅੰਨਾ ਜਾਰਵਿਸ ਨੇ ਪਹਿਲੀ ਵਾਰ 1908 ਵਿੱਚ ਆਪਣੀ ਮਾਂ ਅਤੇ ਸਾਰੀਆਂ ਮਾਵਾਂ ਦਾ ਸਨਮਾਨ ਕਰਨ ਲਈ ਇਸ ਨੂੰ ਮਨਾਇਆ। ਸਨ 1914 ਤੋਂ ਇਹ ਮਈ ਦੇ ਦੂਜੇ ਐਤਵਾਰ ਨੂੰ ਕਈ ਜਗ੍ਹਾ ਸਰਕਾਰੀ ਛੁੱਟੀ ਬਣ ਗਈ।

ਮਾਵਾਂ ਨੂੰ ਦਿੱਤੇ ਤੋਹਫ਼ਿਆਂ ਵਿੱਚੋਂ ਇੱਕ ਫੁੱਲ ਹਨ ਜੋ ਜੀਵਨ ਅਤੇ ਸ਼ੁੱਧਤਾ ਦੇ ਨਾਲ ਮਾਂ ਬਣਨ ਦਾ ਪ੍ਰਤੀਕ ਹਨ। ਹਰ ਸਾਲ ਮਾਂ ਦਿਵਸ ਲਈ ਨਵੇਂ ਵਿਚਾਰ ਚੁਣੇ ਜਾਂਦੇ ਹਨ। ਜਿਵੇਂ "ਸਾਰੇ ਰਾਜਿਆਂ ਦੀ ਧੀ", "ਮਾਂ ਦੀ ਖੁਸ਼ੀ", "ਘਰ ਵਿੱਚ ਪਿਆਰ ਹੈ", "ਮਾਂ - ਭੈਣਾਂ - ਧੀਆਂ - ਦੋਸਤ", "ਮਾਂ ਦੇ ਕਦਮਾਂ ਥੱਲੇ ਜੰਨੱਤ"। 2022 ਲਈ, ਥੀਮ ਹੈ "ਔਰਤ ਦੀ ਉਸਦੇ ਪਰਿਵਾਰ ਵਿੱਚ ਸਥਿਤੀ, ਉਹ ਘਰ ਦੀ ਬੌਸ ਬਣਨ ਦੀ ਹੱਕਦਾਰ ਹੈ"।

ਮਈ ਦੇ ਦੌਰਾਨ ਦੁਨੀਆ ਭਰ ਵਿੱਚ ਮਨਾਏ ਜਾਣ ਵਾਲੇ ਕੁਝ ਹੋਰ ਮਹੱਤਵਪੂਰਨ ਦਿਨਾਂ ਵਿੱਚ ਹੇਠ ਲਿਖੇ ਸ਼ਾਮਲ ਹਨ:

**1 ਮਈ (**May Day) ਨੂੰ ਅੰਤਰਰਾਸ਼ਟਰੀ ਮਜ਼ਦੂਰ ਦਿਵਸ ਵਜੋਂ ਮਨਾਇਆ ਜਾਂਦਾ ਹੈ। ਇਹ ਉਨ੍ਹਾਂ ਦੁਆਰਾ ਕੀਤੇ ਗਏ ਯੋਗਦਾਨ ਦੀ ਯਾਦ ਦਿਵਾਉਂਦਾ ਹੈ ਅਤੇ ਕੰਮ ਦੀਆਂ ਸਥਿਤੀਆਂ ਵਿੱਚ ਸੁਧਾਰ ਕਰਨ ਦੇ ਉਹਨਾਂ ਦੇ ਅਧਿਕਾਰ ਲਈ ਵੀ।


**3 ਮਈ (**Freedom of Press Day**)** ਪ੍ਰੈੱਸ ਦੀ ਆਜ਼ਾਦੀ ਲਈ ਸਰਕਾਰਾਂ ਨੂੰ ਯਾਦ ਦਿਵਾਉਣ ਵਜੋਂ ਮਨਾਇਆ ਜਾਂਦਾ ਹੈ। ਇਹ ਪ੍ਰੈਸ ਦੀ ਆਜ਼ਾਦੀ ਅਤੇ ਪੇਸ਼ੇਵਰ ਨੈਤਿਕਤਾ ਦੇ ਮੁੱਦਿਆਂ ਬਾਰੇ ਸੋਚਣ ਦਾ ਦਿਨ ਵੀ ਹੈ।

**16 ਮਈ (**Love-a-Tree Day) ਰੁੱਖਾਂ ਦੁਆਰਾ ਸਾਨੂੰ ਦਿੱਤੇ ਗਏ ਤੋਹਫ਼ਿਆਂ ਲਈ ਮਨਾਇਆ ਜਾਂਦਾ ਹੈ। ਇਹ ਤਿਉਹਾਰ ਸਾਨੂੰ ਭਵਿੱਖ ਲਈ ਰੁੱਖਾਂ ਦੀ ਦੇਖਭਾਲ ਕਰਨ ਅਤੇ ਵੱਧ ਤੋਂ ਵੱਧ ਰੁੱਖ ਲਗਾਉਣ ਲਈ ਉਤਸ਼ਾਹਿਤ ਕਰਦਾ ਹੈ।

**23 ਮਈ (**Victoria Day**)** ਕੈਨੇਡਾ ਵਿਚ ਮਹਾਰਾਣੀ ਵਿਕਟੋਰੀਆ ਦੀ ਯਾਦ ਵਿਚ ਮਨਾਇਆ ਜਾਂਦਾ ਹੈ ਕਿਉਂਕਿ ਉਸ ਨੇ ਕਨਫੈਡਰੇਸ਼ਨ ਦਾ ਸਮਰਥਨ ਕੀਤਾ ਅਤੇ ਕੈਨੇਡਾ ਦੇ ਪ੍ਰਾਂਤਾਂ ਨੂੰ ਇਕਜੁੱਟ ਕਰਨ ਲਈ ਬਹੁਤ ਕੰਮ ਕੀਤਾ।

**30 ਮਈ (**Water-a-Flower Day**)** ਫੁੱਲਾਂ ਦੇ ਸ਼ਾਨਦਾਰ ਰੰਗਾਂ, ਸੁਗੰਧਿਤ ਪੱਤੀਆਂ ਤੇ ਚਿਕਿਤਸਕ ਗੁਣਾਂ ਦੀ ਯਾਦ ਦਿਵਾਉਂਦਾ ਹੈ, ਸਹੀ ਢੰਗ ਨਾਲ ਪਾਣੀ ਦੇਣ ਤੇ ਧੁੱਪ ਤੇ ਮਿੱਟੀ ਦੀਆਂ ਲੋੜਾਂ ਬਾਰੇ ਜਾਣਕਾਰੀ ਦੇਣ ਲਈ ਹੈ।


ਦੀ ਦੀਵਾਨ ਸੁਸਾਇਟੀ ਕੈਲਗਰੀ ਕੈਨੇਡਾ ਵਲੋਂ
ਔਰਤ ਦਿਵਸ ਨੂੰ ਸਮਰਪਿਤ
ਇੰਟਰਨੈਸ਼ਨਲ
ਕਵੀ ਦਰਬਾਰ
ਸੰਚਾਲਕ
ਬਲਰਾਜ ਸਿੰਘ
ਗੁਰਦੀਸ਼ ਕੌਰ ਕੈਲਗਰੀ
ਜਗਬੀਰ ਸਿੰਘ
ਮਿਤੀ : 26 ਮਾਰਚ, ਸ਼ਨਿਚਰਵਾਰ
ਸਮਾਂ: 9 am ਕੈਲਗਰੀ
11 am ਟਾਰਾਂਟੋ, 8 am ਬੀ. ਸੀ.
8:30 pm ਇੰਡੀਆ
zoom
ZOOM LINK WILL BE SENT
SEPARATELY
ਭਾਗ ਲੈਣ ਵਾਲੇ ਕਵੀ ਸਾਹਿਬਾਨ
ਸੁੰਦਰਪਾਲ ਕੌਰ ਰਾਜਾਸਾਂਸੀ
ਟੋਰੰਟੋ
ਅਮਰਜੀਤ ਕੌਰ
ਮੋਰਿੰਡਾ
ਗੁਰਜੀਤ ਕੌਰ
ਅਜਨਾਲਾ
ਜਸਵੰਤ ਸਿੰਘ ਸੇਖੋਂ
ਕੈਲਗਰੀ
ਬ੍ਰਿਜਮਿੰਦਰ ਕੌਰ
ਜੈਪੁਰ
ਹਰੀ ਸਿੰਘ ਜਾਚਕ
ਲੁਧਿਆਣਾ
ਹਰਚੰਦ ਸਿੰਘ ਬਾਗੜੀ
ਸਰੀ ਬੀ ਸੀ
ਪਲਵਿੰਦਰ ਸਿੰਘ ਰੰਧਾਵਾ
ਸਰੀ ਬੀ ਸੀ
ਸੁਜਾਨ ਸਿੰਘ ਸੁਜਾਨ
ਟੋਰੰਟੋ
ਪਰਨੀਤ ਕੌਰ
ਸਿਮਰਲੀਨ ਕੌਰ
ਵਲੋਂ: ਦੀ ਦੀਵਾਨ ਸੁਸਾਇਟੀ ਕੈਲਗਰੀ ਦੀ ਸਮੂਹ ਸੰਗਤ


Gurdish Grewal Calgary
sandeep Kaur
sandeep Kaur
Neeraj Gill
harchandbagri
ਅਮਰਜੀਤ ਕੌਰ ਮੋਰਿੰਡਾ
Sujan Singh Sujan
Sunder Pal Rajasansi Canada
Dr. S S Bhatti
Parneet Kaur and Simarleen Kaur
GURJIT KAUR AJNALA
Jagbir singh Kohli
brijminder
brijminder
Anureet Bedi
Balraj Singh
Baldev-Singh
Baldev-Singh
SINGHz
SINGHz

# ਔਰਤ ਦਿਵਸ ਨੂੰ ਸਮਰਪਿਤ ਇੰਟਰਨੈਸ਼ਨਲ ਕਵੀ ਦਰਬਾਰ (ਪ੍ਰੈਸ ਨੋਟ)

ਗੁਰਦੀਸ਼ ਕੌਰ ਗਰੇਵਾਲ, ਕੈਲਗਰੀ (ਕੈਨੇਡਾ) ਸੰਪਰਕ: 403 404 1450

ਪਿਛਲੇ ਦੋ ਸਾਲ ਤੋਂ ਹੋਂਦ ਵਿੱਚ ਆਈ, **ਈ- ਦੀਵਾਨ ਸੋਸਾਇਟੀ ਕੈਲਗਰੀ** ਵਲੋਂ, 26 ਮਾਰਚ ਨੂੰ ਔਰਤ ਦਿਵਸ ਨੂੰ ਸਮਰਪਿਤ, ਔਨਲਾਈਨ ਇੰਟਰਨੈਸ਼ਨਲ ਕਵੀ ਦਰਬਾਰ ਕਰਾਇਆ ਗਿਆ - ਜਿਸ ਵਿੱਚ ਦੇਸ਼ ਵਿਦੇਸ਼ ਤੋਂ ਮਹਾਨ ਪੰਥਕ ਕਵੀਆਂ ਤੇ ਕਵਿੱਤਰੀਆਂ ਨੇ ਸ਼ਿਰਕਤ ਕੀਤੀ। ਇਸ ਵਿੱਚ ਔਰਤ ਦੀ ਚੜ੍ਹਦੀ ਕਲਾ ਦੇ ਨਾਲ ਨਾਲ ਸਿੱਖ ਇਤਿਹਾਸ ਦੀਆਂ ਮਹਾਨ ਔਰਤ ਨਾਇਕਾਵਾਂ ਨੂੰ ਵੀ ਯਾਦ ਕੀਤਾ ਗਿਆ। ਇਹ ਸੰਸਥਾ ਖਾਸ ਦਿਹਾੜਿਆਂ ਤੇ ਕਵੀ ਦਰਬਾਰ ਕਰਾ ਕੇ, ਦਸ਼ਮੇਸ਼ ਪਿਤਾ ਦੀ ਚਲਾਈ ਹੋਈ ਇਸ ਪਰੰਪਰਾ ਨੂੰ ਅੱਗੇ ਤੋਰਨ ਵਿੱਚ ਵਿਸ਼ੇਸ਼ ਯੋਗਦਾਨ ਪਾ ਰਹੀ ਹੈ।

ਸਮਾਗਮ ਦੇ ਸ਼ੁਰੂ ਵਿੱਚ, ਸੰਸਥਾ ਦੇ ਬਾਨੀ ਡਾ. ਰਾਜਾ ਬਲਰਾਜ ਸਿੰਘ ਨੇ, ਨਵੀਂ ਸੰਗਤ ਨੂੰ ਸਭਾ ਬਾਰੇ ਜਾਣਕਾਰੀ ਦਿੰਦਿਆਂ ਦੱਸਿਆ ਕਿ - ਇਸ ਸੰਸਥਾ ਨਾਲ, ਕੈਲਗਰੀ ਤੋਂ ਇਲਾਵਾ- ਐਡਮੰਟਨ, ਵੈਨਕੂਵਰ, ਟੋਰੰਟੋ, ਯੂ.ਐਸ.ਏ., ਇੰਡੀਆ, ਅਤੇ ਸਾਊਥ ਕੋਰੀਆ ਤੋਂ ਸੰਗਤ ਜੁੜੀ ਹੋਈ ਹੈ। ਹਰ ਵੀਕ-ਐਂਡ ਤੇ ਵਿਦਵਾਨਾਂ ਵਲੋਂ, ਗੁਰਬਾਣੀ ਦੀ ਵਿਚਾਰਧਾਰਾ ਤੇ ਅਧਾਰਿਤ, ਵੱਖ ਵੱਖ ਵਿਸ਼ਿਆਂ ਤੇ ਜਾਣਕਾਰੀ ਭਰਪੂਰ ਲੈਕਚਰ ਕਰਵਾਏ ਜਾਂਦੇ ਹਨ- ਜੋ ਬਾਅਦ ਵਿੱਚ 'ਸੰਗਤੀ ਵਿਚਾਰ' ਯੁ-ਟਿਊਬ ਚੈਨਲ ਤੇ ਪਾ ਦਿੱਤੇ ਜਾਂਦੇ ਹਨ। ਸਮਾਗਮ ਦੇ ਸ਼ੁਰੂ ਤੇ ਅੰਤ ਤੇ ਬੱਚਿਆਂ ਵਲੋਂ ਕੀਰਤਨ ਕੀਤਾ ਜਾਂਦਾ ਹੈ।

ਗੁਰਦੀਸ਼ ਕੌਰ ਨੇ ਮੰਚ ਸੰਚਾਲਨ ਕਰਦਿਆਂ, ਦੂਰ ਦੁਰਾਡੇ ਤੋਂ ਪਹੁੰਚੇ ਕਵੀਆਂ ਨੂੰ 'ਜੀ ਆਇਆਂ' ਕਿਹਾ। ਕਵੀਆਂ ਦੀ ਜਾਣ ਪਛਾਣ ਕਰਾਉਂਦੇ ਹੋਏ, ਸਭ ਨੂੰ ਵਾਰੀ ਵਾਰੀ ਸੱਦਾ ਦਿੱਤਾ। ਜੈਪੁਰ ਤੋਂ ਬ੍ਰਿਜਮਿੰਦਰ ਕੌਰ ਨੇ ਮਾਂ ਦੇ ਰੂਪ ਵਿੱਚ ਨਿਭਾਈ ਔਰਤ ਦੀ ਭੂਮਿਕਾ ਨੂੰ ਬਿਆਨ ਕਰਕੇ, ਸਮਾਗਮ ਦੀ ਸ਼ੁਰੂਆਤ ਕੀਤੀ। ਟੋਰੰਟੋ ਤੋਂ ਪਰਮਜੀਤ ਸਿੰਘ ਤੇ ਬੇਟੀਆਂ ਪਰਨੀਤ ਕੌਰ ਤੇ ਸਿਮਰਲੀਨ ਨੇ, ਗੁਰਦੀਸ਼ ਕੌਰ ਗਰੇਵਾਲ ਦਾ ਮਾਤਾ ਗੁਜਰੀ ਤੇ ਲਿਖਿਆ ਗੀਤ, ਸੰਗੀਤਬੱਧ ਕਰਕੇ, ਸੁਰੀਲੀ ਆਵਾਜ਼ ਵਿੱਚ ਗਾ ਕੇ, ਮਹੌਲ ਸੁਰਮਈ ਬਣਾ ਦਿੱਤਾ। ਜਸਬੀਰ ਕੌਰ ਗਿੱਲ ਨੇ ਵੀ ਔਰਤ ਤੇ ਕਵਿਤਾ ਪੜ੍ਹੀ।

ਗੁਰਜੀਤ ਕੌਰ ਅਜਨਾਲਾ ਨੇ ਆਪਣੀ ਬੁਲੰਦ ਆਵਾਜ਼ ਵਿੱਚ, ਔਰਤ ਦੀ ਚੜ੍ਹਦੀ ਕਲਾ ਤੇ ਕਵੀਸ਼ਰੀ ਗਾਈ । ਅਮਰਜੀਤ ਕੌਰ ਮੋਰਿੰਡਾ ਨੇ ਬੈਂਤ ਛੰਦ ਵਿੱਚ ਲਿਖੀ ਆਪਣੀ ਕਵਿਤਾ ਨੂੰ ਤਰੰਨਮ ਵਿੱਚ ਸੁਣਾ ਕੇ, ਚਮਕੌਰ ਜੰਗ ਦੇ ਸ਼ਹੀਦਾਂ ਤੇ ਸਾਹਿਬਜ਼ਾਦਿਆਂ ਦਾ ਸਸਕਾਰ ਕਰਨ ਵਾਲੀ, ਦਲੇਰ ਔਰਤ ਬੀਬੀ ਸ਼ਰਨ ਕੌਰ ਨੂੰ ਯਾਦ ਕੀਤਾ। ਉਸਤਾਦ ਕਵੀ ਹਰੀ ਸਿੰਘ ਜਾਚਕ (ਲੁਧਿਆਣਾ) ਨੇ ਆਪਣੀ ਬੁਲੰਦ ਆਵਾਜ਼ ਰਾਹੀਂ, ਭਾਵਪੂਰਤ ਕਵਿਤਾ ਵਿੱਚ ਮਾਤਾ ਗੁਜਰੀ ਜੀ ਤੇ ਮਾਈ ਭਾਗੋ ਨੂੰ ਸ਼ਰਧਾ ਦੇ ਫੁੱਲ ਭੇਂਟ ਕੀਤੇ। ਟੋਰੰਟੋ ਤੋਂ ਸ਼ਾਇਰਾ ਸੁੰਦਰਪਾਲ ਕੌਰ ਰਾਜਾਸਾਂਸੀ ਨੇ - ਕੇਸਰੀ ਕਬਿੱਤ ਛੰਦ ਵਿੱਚ, ਮਾਈ ਭਾਗੋ ਤੇ ਲਿਖੀ ਆਪਣੀ ਕਵਿਤਾ ਸੁਣਾ ਕੇ, ਜੋਸ਼ ਭਰ ਦਿੱਤਾ। ਟੋਰੰਟੋ ਤੋਂ ਹੀ ਆਏ, ਨਾਮਵਰ ਗੀਤਕਾਰ ਸੁਜਾਨ ਸਿੰਘ ਸੁਜਾਨ ਨੇ ਆਪਣੀ ਬੁਲੰਦ ਆਵਾਜ਼ ਵਿੱਚ ਆਪਣਾ ਗੀਤ ਗਾ ਕੇ, ਮਾਤਾ ਸਾਹਿਬ ਕੌਰ ਨੂੰ ਯਾਦ ਕੀਤਾ। ਬੀ. ਸੀ. ਤੋਂ ਹਰਚੰਦ ਸਿੰਘ ਬਾਗੜੀ ਨੇ ਆਪਣੇ ਲਿਖੇ ਮਹਾਂ ਕਾਵਿ ਵਿਚੋਂ ਕੁੱਝ ਬੰਦ ਸੁਣਾ ਕੇ, ਮਹਾਂਰਾਣੀ ਜਿੰਦਾਂ ਦੇ ਜੀਵਨ ਤੇ ਰੌਸ਼ਨੀ ਪਾਈ। ਸਰੀ ਬੀ.ਸੀ. ਤੋਂ ਆਏ, ਪਲਵਿੰਦਰ ਸਿੰਘ ਰੰਧਾਵਾ ਨੇ, ਸਿਦਕੀ ਸਿੱਖ ਬੀਬੀਆਂ ਤੇ ਲਿਖੇ ਆਪਣੇ ਗੀਤ ਨੂੰ ਬੁਲੰਦ ਆਵਾਜ਼ ਵਿੱਚ ਗਾ ਕੇ, ਰੰਗ ਬੰਨ੍ਹ ਦਿੱਤਾ। ਕੈਲਗਰੀ ਨਿਵਾਸੀ ਜਸਵੰਤ ਸਿੰਘ ਸੇਖੋਂ ਸਿਹਤ ਨਾਸਾਜ਼ ਹੋਣ ਕਾਰਨ ਹਾਜ਼ਰ ਨਹੀਂ ਹੋ ਸਕੇ। ਅੰਤ ਤੇ ਹੋਸਟ ਗੁਰਦੀਸ਼ ਕੌਰ ਨੇ ਵੀ ਔਰਤ ਦੀ ਚੜ੍ਹਦੀ ਕਲਾ ਨੂੰ ਸਮਰਪਿਤ, ਆਪਣੀ ਇੱਕ ਨਜ਼ਮ, ਸੰਗਤ ਨਾਲ ਸਾਂਝੀ ਕੀਤੀ। ਡਾ. ਸੁਰਜੀਤ ਸਿੰਘ ਭੱਟੀ, ਨਰਿੰਦਰ ਕੌਰ, ਡਾ. ਰਾਜਾ ਬਲਰਾਜ ਸਿੰਘ (403 978 2419) ਅਤੇ ਸ੍ਰ. ਜਗਬੀਰ ਸਿੰਘ (587 718 8100) ਨੇ, ਸ਼ਲਾਘਾ ਕਰਦਿਆਂ ਹੋਇਆਂ, ਸੰਗਤ ਵਲੋਂ ਕਵੀਆਂ / ਕਵਿੱਤਰੀਆਂ ਦਾ ਧੰਨਵਾਦ ਕੀਤਾ।

ਦੋ ਘੰਟੇ ਚੱਲੇ ਇਸ ਕਵੀ ਦਰਬਾਰ ਦੀ ਜੈਕਾਰਿਆਂ ਦੀ ਗੂੰਜ ਵਿੱਚ ਸਮਾਪਤੀ ਹੋਈ। ਉਪਰੰਤ ਅਰਦਾਸ ਕਰਕੇ ਹੁਕਮਨਾਮਾ ਲਿਆ ਗਿਆ। ਇਸ ਤਰ੍ਹਾਂ ਇਹ ਸਮਾਗਮ ਸਰੋਤਿਆਂ ਦੇ ਮਨਾਂ ਤੇ ਅਮਿੱਟ ਛਾਪ ਛੱਡ ਗਿਆ।

## ਸਾਂਝੀ ਵਿਰਾਸਤ' ਦੇ ਮਈ ਅੰਕ ਦੇ ਲੇਖਕ

**ਡਾ. ਹਰਸ਼ਿੰਦਰ ਕੌਰ**, ("ਭਾਰਤ ਦੀ ਸਟੀਲ ਵੂਮੈਨ") ਪਟਿਆਲਾ ਤੋਂ ਐੱਮ.ਬੀ.ਬੀ.ਐੱਸ. ਅਤੇ ਐੱਮ.ਡੀ. ਪੀਡੀਆਟ੍ਰਿਕਸ ਹੈ।ਲੈਕਚਰ ਦੇ ਕੇ ਮਾਦਾ ਭਰੂਣ ਹੱਤਿਆ, ਦਾਜ ਅਤੇ ਘਰੇਲੂ ਹਿੰਸਾ ਵਿਰੁੱਧ ਸੰਸਥਾਵਾਂ, ਕਾਲਜਾਂ, ਰੇਡੀਓ ਅਤੇ ਟੀ.ਵੀ. 'ਤੇ ਜਾਗਰੂਪਤਾ ਲਿਆ ਰਹੇ ਹਨ।ਅਨਾਥ 415 ਲੜਕੀਆਂ ਨੂੰ ਮੁਫਤ ਸਿੱਖਿਆ ਪ੍ਰਦਾਨ ਕਰ ਰਹੇ ਨੇ, ਅਤੇ 41 ਅੰਤਰਰਾਸ਼ਟਰੀ ਪੱਧਰ 'ਤੇ ਸਨਮਾਨਿਤ ਕਿਤਾਬਾਂ ਅਤੇ ਲੇਖ (ਵਿਦਿਅਕ ਪਾਠਕ੍ਰਮ ਵਿੱਚ ਸ਼ਾਮਲ) ਲਿਖੇ ਹਨ।ਭਾਰਤ ਦੀਆਂ ਚੋਟੀ ਦੀਆਂ ਮਹਿਲਾਵਾਂ ਵਜੋਂ ਰਾਸ਼ਟਰਪਤੀ ਦੁਆਰਾ ਸਨਮਾਨਿਤ ਕੀਤਾ ਗਿਆ, ਪੰਜਾਬ ਤੋਂ ਪੁਰਸਕਾਰ ਪ੍ਰਾਪਤ ਕੀਤੇ, ਚੋਟੀ ਦੇ ਸਿੱਖ ਰੋਲ ਮਾਡਲਾਂ ਵਿੱਚ ਦਰਜਾ ਪ੍ਰਾਪਤ ਕੀਤਾ, ਸੰਯੁਕਤ ਰਾਸ਼ਟਰ ਮੀਡੀਆ ਅਤੇ 'ਵੂਮੈਨ ਰਾਈਟਸ ਐਕਟੀਵਿਸਟ' ਅਵਾਰਡ, ਰੋਟਰੀ ਵੋਕੇਸ਼ਨਲ ਅਵਾਰਡ, ਕੈਨੇਡਾ, ਕੈਲੀਫੋਰਨੀਆ ਦੀਆਂ ਸੰਸਦਾਂ ਵਿੱਚ 'ਲਾਈਫਟਾਈਮ ਅਚੀਵਮੈਂਟ ਅਵਾਰਡ' ਪ੍ਰਾਪਤ ਕੀਤਾ। ਭਾਰਤ, ਨੀਦਰਲੈਂਡ, ਯੂ. ਕੇ. ਅਤੇ ਕੈਨੇਡਾ ਦੇ ਟੀ. ਵੀ. ਨੈੱਟਵਰਕਾਂ ਦੁਆਰਾ ਉਨ੍ਹਾਂ ਦੇ ਕੰਮ 'ਤੇ ਦਸਤਾਵੇਜ਼ੀ ਫਿਲਮਾਂ ਬਣੀਆਂ ਹਨ। ਸ਼੍ਰੋਮਣੀ ਕਮੇਟੀ ਵੱਲੋਂ 'ਫਖਰ-ਏ-ਕੌਮ' ਐਵਾਰਡ, ਬਾਬਾ ਫਰੀਦ, ਰਾਣੀ ਝਾਂਸੀ, ਮਾਈ ਭਾਗੋ, ਤੇ 'ਗੌਰਵ ਪੰਜਾਬ ਦਾ' ਅਤੇ ਹੋਰ ਕਈ ਅਵਾਰਡ ਮਿਲੇ ਹਨ।

**ਡਾ. ਬਲਦੇਵ ਸਿੰਘ ਨੇ** ਐਮ.ਐਸ.ਸੀ. ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ ਤੋਂ ਅਤੇ ਪੀ.ਐਚ.ਡੀ. ਅਲਬਰਟਾ ਯੂਨੀਵਰਸਿਟੀ ਤੋਂ ਕਰ ਕੇ (ਮਿੱਟੀ, ਪਾਣੀ, ਫਸਲਾਂ ਅਤੇ ਵਾਤਾਵਰਣ ਪ੍ਰਬੰਧਨ ਦੇ ਖੇਤਰਾਂ ਵਿਚ), 20 ਸਾਲਾਂ ਤੋਂ ਵਧ ਸਮਾ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਵਿਚ ਪ੍ਰੋਫੈਸਰ ਰਹੇ। ਉਨ੍ਹਾਂ ਨੂੰ ਕਾਮਨਵੈਲਥ ਵਜ਼ੀਫਾ ਅਤੇ I.C.A.R (India) ਦਾ ਟੀਮ ਰਿਸਰਚ ਅਵਾਰਡ ਦੇ ਮਨਮਾਨ ਵੀ ਮਿਲੇ। ਉਨ੍ਹਾਂ ਅਲਬਰਟਾ ਯੂਨੀਵਰਸਿਟੀ ਅਤੇ ਅਲਬਰਟਾ ਵਾਤਾਵਰਣ ਸੰਸਥਾ ਦੇ ਸਲਾਹਕਾਰ ਵਜੋਂ ਸੇਵਾ ਕੀਤੀ।(e-mail: baldev3@yahoo.com).

**ਡਾ: ਕਾਬਲ ਸਿੰਘ**, ਐਮ.ਐਸ.ਸੀ. ਅਤੇ ਪੀ.ਐਚ.ਡੀ. ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ ਤੋਂ ਕਰ ਕੇ ਭਾਰਤ, ਜ਼ੈਂਬੀਆ ਅਤੇ ਕੈਨੇਡਾ ਵਿੱਚ ਵਿਭਾਗ ਦੇ ਮੁਖੀ, ਤਕਨੀਕੀ ਸਲਾਹਕਾਰ ਅਤੇ ਡੀਨ ਕਾਲਜ ਸਨ। ਉਨ੍ਹਾਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਅਧਿਐਨ ਕੀਤਾ ਅਤੇ ਗੁਰਬਾਣੀ ਦੀ ਰੋਸ਼ਨੀ ਵਿੱਚ ਸਮਕਾਲੀ ਮਸਲਿਆਂ ਬਾਰੇ ਲਿਖਣਾ ਸ਼ੁਰੂ ਕੀਤਾ। ਉਨ੍ਹਾਂ ਨੇ ਆਪਣੇ ਲੈਕਚਰਾਂ ਅਤੇ ਜ਼ੂਮ ਪੇਸ਼ਕਾਰੀਆਂ ਰਾਹੀਂ ਸੰਗਤ ਨਾਲ ਮਜ਼ਬੂਤ ਤਾਲਮੇਲ ਸਥਾਪਿਤ ਕੀਤਾ ਹੈ।

**ਸ੍ਰੀਮਤੀ ਗੁਰਦੀਸ਼ ਕੌਰ ਗਰੇਵਾਲ** ਲੇਖ ਅਤੇ ਕਵਿਤਾਵਾਂ ਲਿਖਦੇ ਹਨ, ਜੋ ਦੁਨੀਆਂ ਭਰ ਵਿੱਚ ਛਪਦੇ ਹਨ। ਉਹ ਵਿਸ਼ਵ ਪੰਜਾਬੀ ਕਵੀ ਸਭਾ ਦੀ ਸਕੱਤਰ ਅਤੇ ਕੈਲਗਰੀ ਵੂਮੈਨ ਕਲਚਰਲ ਐਸੋਸੀਏਸ਼ਨ ਦੇ ਜਨਰਲ ਸਕੱਤਰ ਹਨ। ਉਨ੍ਹਾਂ ਨੇ ਸੱਤ ਕਿਤਾਬਾਂ (ਕਵਿਤਾ ਅਤੇ ਵਾਰਤਕ) ਪ੍ਰਕਾਸ਼ਿਤ ਕੀਤੀਆਂ ਹਨ। ਕੈਨੇਡਾ ਦੀ ਫੈਡਰਲ ਸਰਕਾਰ ਦੁਆਰਾ ਦੋ ਵਾਰ ਅਤੇ ਭਾਰਤ ਅਤੇ ਵਿਦੇਸ਼ਾਂ ਵਿੱਚ ਉਨ੍ਹਾਂ ਨੂੰ ਕਈ ਸਨਮਾਨ ਮਿਲੇ। ਉਨ੍ਹਾਂ ਨੂੰ 'ਦੇਸ ਪੰਜਾਬ ਟਾਈਮਜ਼', ਕੈਲਗਰੀ, ਦੁਆਰਾ 'ਭਾਈ ਵੀਰ ਸਿੰਘ ਜੀ' ਅਵਾਰਡ ਨਾਲ ਵੀ ਸਨਮਾਨਿਤ ਕੀਤਾ ਗਿਆ।(e-mail : gurdish.grewal@gmail.com).

**ਸ: ਕਰਮਜੀਤ ਸਿੰਘ ਨੂਰ** ਪੰਜਾਬ ਰਾਜ ਬਿਜਲੀ ਬੋਰਡ ਤੋਂ 2008 ਵਿਚ ਬਤੌਰ ਐਕਸੀਅਨ (XEN) ਰਿਟਾਇਰ ਹੋਏ ਹਨ। ਅੱਠ ਕਾਵਿ ਸੰਗ੍ਰਹਿ ਛਪੇ ਹਨ।'ਗੁਰਮਤਿ ਪ੍ਰਕਾਸ਼', 'ਗੁਰਮਤਿ ਗਿਆਨ', 'ਸਿੱਖ ਫ਼ੁਲਵਾੜੀ', ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ (ਜਿਸ ਦੇ ਸਾਹਿਤਕਾਰ ਸਦਨ ਦੇ ਮੀਤ ਪ੍ਰਧਾਨ, ਸਕੱਤਰ ਸਨ) ਦੇ 'ਸਾਡਾ ਵਿਰਸਾ ਸਾਡਾ ਗੌਰਵ' ਅਤੇ ਹੋਰ ਮੈਗਜ਼ੀਨਾਂ ਵਿਚ ਰਚਨਾਵਾਂ ਛਪਦੀਆਂ ਹਨ। ਇੰਗਲੈਂਡ, ਅਮਰੀਕਾ ਅਤੇ ਪਾਕਿਸਤਾਨ ਵਿਖੇ ਕਵੀ ਦਰਬਾਰਾਂ ਅਤੇ ਹੋਲੇ ਮਹੱਲੇ ਸਮਾਗਮਾਂ (2016 ਅਤੇ 2017) ਵਿਚ ਸਨਮਾਨ ਪ੍ਰਾਪਤ ਹੋਏ।ਦਿੱਲੀ ਵਿਖੇ ਸਪਤ ਸ੍ਰਿੰਗ ਅੰਤਰ-ਰਾਸ਼ਟਰੀ ਪੰਜਾਬੀ ਕਵੀ ਸਭਾ ਵਲੋਂ, ਜੀਵਨ ਭਰ ਦੀਆਂ ਪ੍ਰਾਪਤੀਆ ਲਈ ਸ੍ਰ. ਪ੍ਰੀਤਮ ਸਿੰਘ ਕਾਸਦ ਯਾਦਗਾਰੀ ਪੁਰਸਕਾਰ ਨਾਲ ਸਨਮਾਨਿਤ ਕੀਤਾ ਗਿਆ। ਆਲ ਇੰਡੀਆ ਰੇਡੀਓ ਅਤੇ ਦੂਰਦਰਸ਼ਨ ਕੇਂਦਰ ਜਲੰਧਰ ਵਲੋਂ ਕਵੀ ਦਰਬਾਰਾਂ ਦਾ ਸੰਚਾਲਨ ਕੀਤਾ। ਸ੍ਰੀ ਦਸਮੇਸ਼ ਇੰਟਰਨੈਸ਼ਨਲ ਪੰਜਾਬੀ ਕਵੀ ਸਭਾ ਦੇ ਪ੍ਰਧਾਨ ਵਜੋਂ ਸੇਵਾ ਨਿਭਾ ਰਹੇ ਹਨ।

**ਸ੍ਰੀਮਤੀ ਅੰਮ੍ਰਿਤਪਾਲ ਕੌਰ** ਨੇ ਐਮ.ਏ (ਅੰਗਰੇਜ਼ੀ), ਐਮ.ਏ (ਧਾਰਮਿਕ ਅਧਿਐਨ) ਅਤੇ ਐਮ.ਐੱਡ. ਡਿਗਰੀਆਂ ਪ੍ਰਾਪਤ ਕੀਤੀਆਂ ਅਤੇ ਅੰਗਰੇਜ਼ੀ ਵਿੱਚ ਲੈਕਚਰਾਰ ਵਜੋਂ ਕਈ ਸਾਲਾਂ ਤੱਕ ਕੰਮ ਕੀਤਾ। 1995 ਵਿੱਚ, ਉਸਨੇ ਆਲ-ਇੰਡੀਆ ਰੇਡੀਓ, ਜਲੰਧਰ ਦੁਆਰਾ ਪ੍ਰਸਾਰਿਤ ਪੰਜਾਬੀ ਪ੍ਰੋਗਰਾਮ "ਗੁਰਬਾਣੀ ਵਿਚਾਰ" ਪੇਸ਼ ਕਰਨਾ ਸ਼ੁਰੂ ਕੀਤਾ। 2014 ਵਿੱਚ, ਉਸਨੇ ਸਿੱਖ ਫਿਲਾਸਫੀ 'ਤੇ ਆਪਣੀ ਪਹਿਲੀ ਕਿਤਾਬ ਲਿਖੀ, ਇਸ ਤੋਂ ਬਾਅਦ ਸਿੱਖ ਧਰਮ ਅਤੇ ਸਿੱਖ ਅਧਿਆਤਮਿਕਤਾ 'ਤੇ ਕਈ ਹੋਰ ਕਿਤਾਬਾਂ ਲਿਖੀਆਂ।

**ਸ੍ਰ. ਪਿਆਰਾ ਸਿੰਘ** 1977-1995 ਦੌਰਾਨ ਭਾਰਤ, ਥਾਈਲੈਂਡ, ਅਮਰੀਕਾ ਵਿੱਚ ਅਧਿਆਪਨ ਦੇ ਕਿੱਤੇ ਵਿੱਚ ਸਨ। 1995 ਤੋਂ ਬਾਅਦ ਐਸੋਸੀਏਟ ਵਜੋਂ ਬੀਮਾ ਬ੍ਰੋਕਰ ਦਾ ਕੰਮ ਸ਼ੁਰੂ ਕੀਤਾ। ਦੋ ਕਾਵਿ ਪੁਸਤਕਾਂ ਅਤੇ ਇੱਕ ਨਾਟਕ ਪੰਜਾਬੀ ਅਤੇ ਸ਼ਾਹਮੁਖੀ ਵਿੱਚ ਪ੍ਰਕਾਸ਼ਿਤ ਹੋਏ। ਸਾਬਕਾ ਪ੍ਰਧਾਨ ਪੰਜਾਬੀ ਸਾਹਿਤ ਸਭਾ ਕੈਲੀਫੋਰਨੀਆ, ਅਤੇ ਫਾਊਂਡਰ ਪ੍ਰਧਾਨ ਕਲਾਮ ਫਾਊਂਡੇਸ਼ਨ, ਟੋਰਾਂਟੋ (ਕੈਨੇਡਾ) ਵਜੋਂ ਸੇਵਾ ਕਰਦੇ ਰਹੇ।

**ਡਾ: ਦਵਿੰਦਰ ਸਿੰਘ ਸੇਖੋਂ**, ਭਾਰਤ ਤੋਂ ਐਮ.ਐਸ.ਸੀ. ਅਤੇ ਕੈਲੀਫੋਰਨੀਆ ਯੂਨੀਵਰਸਿਟੀ ਤੋਂ (ਕੈਮਿਸਟਰੀ ਅਤੇ ਵਿਦਿਅਕ ਪ੍ਰਸ਼ਾਸਨ) ਵਿੱਚ ਪੀ.ਐਚ.ਡੀ. ਹਨ। ਉਹ 2009 ਵਿੱਚ ਪ੍ਰੋਫ਼ੈਸਰ ਵਜੋਂ ਸੇਵਾਮੁਕਤ ਹੋਏ ਅਤੇ ਉਨ੍ਹਾਂ ਨੇ ਸਿੱਖ ਧਰਮ ਬਾਰੇ 9 ਕਿਤਾਬਾਂ, ਬਹੁਤ ਸਾਰੇ ਖੋਜ ਲੇਖ ਅਤੇ ਕਾਨਫਰੰਸ ਪੇਪਰ ਲਿਖੇ ਹਨ। ਉਹ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਅੰਗਰੇਜ਼ੀ ਵਿੱਚ ਅਨੁਵਾਦ ਕਰ ਰਹੇ ਹਨ। (Web : www.gurbanisandesh.com).

**ਪ੍ਰੋਫ਼ੈਸਰ (ਡਾ.) ਸੁਰਜੀਤ ਸਿੰਘ ਭੱਟੀ** ਗੁਰੂ ਨਾਨਕ ਦੇਵ ਯੂਨੀਵਰਸਿਟੀ ਵਿੱਚ ਮੁਖੀ (ਭੌਤਿਕ ਵਿਗਿਆਨ) ਅਤੇ ਡੀਨ (ਸਾਇੰਸ) ਅਤੇ ਬਾਅਦ ਵਿੱਚ ਅਦੇਸ਼ ਇੰਜੀਨੀਅਰਿੰਗ ਕਾਲਜ ਦੇ ਡਾਇਰੈਕਟਰ-ਪ੍ਰਿੰਸੀਪਲ ਰਹੇ। ਸਿਖਲਾਈ/ਕਾਨਫਰੰਸਾਂ ਲਈ ਇਟਲੀ, ਇੰਗਲੈਂਡ, ਫਰਾਂਸ, ਅਮਰੀਕਾ ਅਤੇ ਹਾਂਗਕਾਂਗ ਦਾ ਦੌਰਾ ਕੀਤਾ, 12 ਪੀਐਚਡੀ ਖੋਜ ਨਿਬੰਧਾਂ ਦਾ ਮਾਰਗਦਰਸ਼ਨ ਕੀਤਾ, ਸੂਚੀਬੱਧ ਅੰਤਰਰਾਸ਼ਟਰੀ ਰਸਾਲਿਆਂ (ਅਤੇ ਤਿੰਨ ਪੁਸਤਕਾਂ) ਵਿੱਚ 100 ਤੋਂ ਵੱਧ ਪੇਪਰ ਪ੍ਰਕਾਸ਼ਿਤ ਕੀਤੇ ਹਨ। (Blog: www.drssbhatti.ca , e-mail : surjitsinghbhatti@gmail.com).

**ਡਾ. ਗੁਰਮਿੰਦਰ ਸਿੱਧੂ** ਬਾਲਾਂ ਦੇ ਮਾਹਿਰ ਡਾਕਟਰ ਹਨ ਤੇ ਸਿਹਤ ਵਿਭਾਗ ਪੰਜਾਬ ਤੋਂ ਬਤੌਰ ਸੀਨੀਅਰ ਮੈਡੀਕਲ ਅਫਸਰ ਸੇਵਾਮੁਕਤ ਹੋਏ ਹਨ। ਪੰਜਾਬੀ ਰਚਨਾਵਾਂ ਲਿਪੀਅਂਤਰ ਹੋ ਕੇ ਸ਼ਾਹਮੁਖੀ, ਅਤੇ ਅਨੁਵਾਦ ਹੋ ਕੇ ਹਿੰਦੀ, ਅੰਗਰੇਜ਼ੀ, ਗੁਜਰਾਤੀ ਵਿੱਚ ਵੀ ਛਪ ਚੁੱਕੀਆਂ ਹਨ। ਆਪ ਦੇ ਛੇ ਕਾਵਿ ਸੰਗ੍ਰਹਿ, ਚਾਰ ਵਾਰਤਕ ਸੰਗ੍ਰਹਿ, ਇੱਕ ਬਾਲ ਕਵਿਤਾਵਾਂ ਦੀ ਪੁਸਤਕਾਂ ਛਪ ਚੁੱਕੀਆਂ ਹਨ। ਆਪ ਦੀ ਰਚਨਾ 'ਨਾ! ਮੰਮੀ ਨਾ!' ਅਤੇ 'ਚਿੜੀ ਦੀ ਅੰਬਰ ਵੱਲ ਉਡਾਣ' ਬਹੁਤ ਚਰਚਿਤ ਹਨ।ਆਪ ਨੂੰ ਬਹੁਤ ਸਾਰੀਆਂ ਰਾਸ਼ਟਰੀ ਅੰਤਰ-ਰਾਸ਼ਟਰੀ ਸੰਸਥਾਵਾਂ ਵੱਲੋਂ ਸਨਮਾਨਿਤ ਕੀਤਾ (e-mail: gurmindersidhu13@gmail.com).

**ਬਲਰਾਜ ਕੌਰ ਚੰਦੇਲ** ਦੀ ਸਕੂਲੀ ਸਿੱਖਿਆ ਗੌਰਮਿੰਟ ਹਾਈ ਸਕੂਲ ਖੁਰਦਪੁਰ ਵਿੱਚ ਹੋਈ ਤੇ ਮੈਡੀਕਲ ਸਾਇੰਸ ਦੀ ਪੜ੍ਹਾਈ ਕੰਨਿਆ ਮਹਾ ਵਿਦਿਆਲਿਆ ਜਲੰਧਰ ਵਿੱਚ ਹੋਈ।ਹੁਣ ਡਿਫੈਂਸ ਐਕਾਉਂਟਸ ਡਿਪਾਰਟਮੈਂਟ ਵਿੱਚੋਂ ਬਤੌਰ ਅਸਿਸਟੈਂਟ ਐਕਾਉਂਟਸ ਅਫਸਰ ਰਿਟਾਇਰਡ ਹੈ। ਇਨ੍ਹਾਂ ਦੇ ਪਤੀ ਪੰਜਾਬ ਸਰਕਾਰ ਵਿਚੋਂ ਐਕਾਉਂਟਸ ਅਫ਼ਸਰ ਰਿਟਾਇਰਡ ਹਨ। ਸਾਹਿਤ ਪੜ੍ਹਣ ਤੇ ਲਿਖਣ ਦਾ ਬਹੁਤ ਸ਼ੌਕ ਹੈ। ਕਹਾਣੀਆਂ ਲਿਖਣਾ ਜਿਆਦਾ ਪੰਸਦ ਹੈ।

**ਅਮਨਬੀਰ ਸਿੰਘ ਧਾਮੀ** ਅਮ੍ਰਿਤਸਰ ਨਿਵਾਸੀ ਨੇ ਗ੍ਰੈਜੂਏਸ਼ਨ ਕਰ ਕੇ ਪਿਛਲੇ ਲੰਬੇ ਅਰਸੇ ਤੋਂ ਸਾਊਥ ਕੋਰੀਆ ਵਿਖੇ ਹਨ। ਪੰਜਾਬੀ ਸੱਥ ਮੈਲਬੋਰਨ, ਪੁੰਗਰਦੇ ਹਰਫ਼, ਅਦਾਰਾ ਸ਼ਬਦ ਕਾਫ਼ਲਾ, ਅੰਤਰਰਾਸ਼ਟਰੀ ਸਾਹਿਤਕ ਸਾਂਝਾਂ ਵਿੱਚ ਸਰਗਰਮ ਮੈਂਬਰ, ਤੇ ਦੋ ਵੱਖ ਵੱਖ ਸੰਸਥਾਵਾਂ ਦੇ ਮੈਗਜ਼ੀਨਾਂ ਵਿੱਚ ਸੰਪਾਦਕ ਹਨ। ਕਵੀ ਦਰਬਾਰਾਂ ਵਿੱਚ ਆਪਣੀਆਂ ਰਚਨਾਵਾਂ ਦੀ ਪੇਸ਼ਕਾਰੀ ਦੇ ਨਾਲ ਨਾਲ ਸੰਚਾਲਕ ਦੀ ਭੂਮਿਕਾ ਵੀ ਨਿਭਾ ਚੁੱਕੇ ਹਨ। ਹੱਕਾਂ ਦੀ ਜੰਗ, ਪੁੰਗਰੀਆਂ ਕਲੀਆਂ, ਸਾਂਝਾਂ (ਕਾਵਿ ਸੰਗ੍ਰਹਿ) ਅਤੇ ਮੈਗਜ਼ੀਨਾਂ, ਅਖਬਾਰਾਂ ਵਿੱਚ ਰਚਨਾਵਾਂ ਛਪ ਚੁੱਕੀਆਂ ਹਨ।

**ਸ੍ਰੀਮਤੀ ਬ੍ਰਿਜਮਿੰਦਰ ਕੌਰ** ਨੇ ਦਿੱਲੀ ਯੂਨੀਵਰਸਿਟੀ ਤੋਂ ਬੀ.ਐਸ.ਸੀ ਪ੍ਰਾਪਤ ਕੀਤੀ ਅਤੇ ਬੀ.ਐੱਡ. ਰੋਹਤਕ ਯੂਨੀਵਰਸਿਟੀ (ਹਰਿਆਣਾ) ਤੋਂ। ਉਹ ਮਹਾਰਾਣੀ ਗਾਇਤਰੀ ਦੇਵੀ ਗਰਲਜ਼ ਸਕੂਲ, ਜੈਪੁਰ (ਰਾਜਸਥਾਨ), ਵਿੱਚ ਕੰਮ ਕਰ ਰਹੇ ਹਨ। ਉਹ ਇੱਕ ਨਿਪੁੰਨ ਚਿੱਤਰਕਾਰ ਅਤੇ ਸ਼ਬਦ ਗਾਇਕ ਵੀ ਹਨ। ਉਨ੍ਹਾਂ ਦੀ ਮੁੱਖ ਦਿਲਚਸਪੀ ਮਹਾਨ ਸਿੱਖ ਗੁਰੂਆਂ ਅਤੇ ਗੁਰਬਾਣੀ ਬਾਰੇ ਸਿੱਖਣ ਅਤੇ ਲਿਖਣ ਵਿੱਚ ਹੈ।

**ਰੁਬੀਨਾ ਸਿੰਘ** ਕੈਲਗਰੀ ਯੂਨੀਵਰਸਿਟੀ ਵਿੱਚ ਬੀ.ਐਸ.ਸੀ. (ਬਾਇਓ ਸਾਇੰਸਜ਼) ਦੀ ਵਿਦਿਆਰਥਣ ਹੈ। ਉਹ ਨੌਜਵਾਨਾਂ ਵਿੱਚ ਮਾਨਸਿਕ ਸਿਹਤ 'ਤੇ ਅਲਬਰਟਾ ਹੈਲਥ ਸਿਸਟਮ ਪ੍ਰੋਜੈਕਟ ਦੇ ਨਾਲ ਇੱਕ ਨੌਜਵਾਨ ਖੋਜਕਾਰ ਰਹੀ ਹੈ। ਉਹ "ਡਾਇਗਨੌਸਟਿਕਸ ਵਿੱਚ ਘਟਦੀ ਅਸਮਾਨਤਾਵਾਂ" ਦੀ ਵਾਈਸ ਪ੍ਰੈਜ਼ੀਡੈਂਟ ਹੈ। ਇਹ ਉਸ ਦੀ ਅਗਵਾਈ ਵਾਲੀ ਪਹਿਲਕਦਮੀ ਹੈ ਜੋ ਔਰਤਾਂ ਦੀ ਸਿਹਤ ਅਤੇ ਉਹਨਾਂ ਦੀ ਜਾਂਚ ਵਿਚ ਕਮੀਆਂ ਨਾਲ ਸੰਬੰਧਤ ਹੈ। ਉਸਨੇ ਕੈਲਗਰੀ ਵਿੱਚ ਫੁੱਟਹਿਲਜ਼ ਮੈਡੀਕਲ ਸੈਂਟਰ ਵਿੱਚ ਇੱਕ ਵਲੰਟੀਅਰ ਵਜੋਂ 1000 ਘੰਟਿਆਂ ਤੋਂ ਵੱਧ ਸੇਵਾ ਕੀਤੀ। ਉਸ ਨੇ ਪ੍ਰੋਜੈਕਟ (COVID SPEAKS) ਰਾਹੀਂ ਇਸ ਬੀਮਾਰੀ ਦਾ ਸਾਹਮਣਾ ਕਰ ਰਹੇ ਇੱਕ ਭਾਈਚਾਰੇ ਦੀ ਅਗਵਾਈ ਕੀਤੀ।

## Authors of the May issue of Sanjhi Virasat

**Dr. Harshinder Kaur**, "Steel Woman of India", and "Woman of year 2012", is MBBS and MD Pediatrics from GMC, Patiala. Awarded FIACM, FIMSA, NAMS, and FPAS, she works against female feticide, dowry and domestic violence by delivering lectures at social organizations, schools, colleges, on radio and TV, providing education to 415 orphan girls, and has written 41 Internationally awarded books and articles (included in educational curricula). She was honoured by President as among top Women achievers of India, received two State Awards from Punjab, ranked among Top Sikh Role Models, got UN Media and Women Rights Activist Awards, Rotary Vocational Award, Lifetime Achievement award by Parliaments of Canada, California, Australia, and NSW. Her work telecast by TV networks of India, Netherlands, UK, and Canada. Received *Faqr e Quom* Award (SGPC), Baba Farid, Rani Jhansi, Mai Bhago, Gaurav Punjab Da Award.

**Mrs. Gurdish Kaur Grewal** has published 7 books (poetry and prose), is Secretary of Vishav Punjabi Kavi Sabha and General Secretary of Calgary Women Cultural Association. She was many times honored in India and abroad, twice by Federal Government of Canada, and was conferred 'Bhai Veer Singh ji' Award by *Des Panjab Times* Calgary. ।(e-mail : gurdish.grewal@gmail.com).

**Dr. Devinder Singh Sekhon** obtained M.Sc. from India and earned Ph.D.(s) in Chemistry and Educational Administration from California University. He retired as Professor in 2009 and has written 9 books on Sikh religion and scores of research articles and conference papers. He is translating *Sri Guru Granth Sahib* in English. **(**Website: www.gurbnisandesh.com).

**Dr. Baldev Singh,** M.Sc. (Panjab Agricultural University, Ludhiana), and Ph.D. from University of Alberta, worked as a Professor at PAU for over 20 years (in soil, water, crop, and environment management). He got Canadian Commonwealth Scholarship for Ph.D. and I.C.A.R. Team Research Award for Efficient Resource Management. He was with U of A, Alberta Environment, and consulting companies.

**Dr. Kabal Singh**, M.Sc. and Ph.D. from Panjab Agricultural University, Ludhiana, was Head of Agriculture Department, Technical Advisor, and Dean of Colleges in various Institutions in India, Zambia, and Canada. He studied *Sri Guru Granth Sahib* and started writing about contemporary issues in light of *Gurbani*. He established a strong rapport with the Sangat through his Lectures and Zoom Presentations. (e-mail: kabalsingh285@gmail.com).

**Professor (Dr) Surjit Singh Bhatti** was Head (Physics) & Dean (Sciences) at Guru Nanak Dev University and later Director-Principal of a College of Engineering. Visited Italy, England, France, USA and Hong Kong for training/ conferences. Has guided 12 PhD dissertations, published above 100 papers in peer-reviewed, indexed international journals and three textbooks. **(Blogs at www.drssbhatti.ca, e-mail : surjitsinghbhatti@gmail.com**

**S. Karamjit Singh Noor** retired from Punjab State Electricity Board in 2008 as XEN. His eight collections of poetry have been published. Works published in 'Gurmat Prakash', 'Gurmat Gyan', 'Sikh Phulwari', 'Sada Virsa Sada Gaurav' (Guru Gobind Singh Study Circle, where he

was Vice-President and Secretary) and other magazines. Received honors at Kavi Darbars and Hola Mohalla Events (2016 and 2017) in UK, US and Pakistan. Got Pritam Singh Kasad Memorial Award. He conducted poetry programs on All India Radio and Doordarshan Kendra Jalandhar. At present, he is President of Shri Dasmesh International Punjabi Kavi Sabha.

**Balraj Kaur Chandel** was educated at Government High School Khurdpur and Medical Science at Kanya Maha Vidyalaya Jalandhar. She is now retired from the Defense Accounts Department as an Assistant Accounts Officer in the Punjab Government. She is very fond of reading and writing literature. Prefers to write stories.

**Amanbir Singh Dhami** (of Amritsar) has been in South Korea for a long time after graduation. Member of Punjabi Sath Melbourne, Pungarde Harf, Adara Shabad Kafala and is Editor of two international literary magazines. He has acted as moderator in Kavi Darbars. The War of Rights, Pungariyan Kaliyan, Saanjhan (poetry collections) and other works published in magazines and newspapers

**Mrs. Brijminder Kaur** obtained her B. Sc from Delhi University and B. Ed. from Rohtak University (Haryana). She is working in Maharani Gayatri Devi Girls School, Jaipur (Rajasthan). She is an accomplished painter and *Shabad* singer. Her main interest is in learning and writing about the great Sikh Gurus and *Gurbani.*

**S. Harpreet Singh Jawanda** is a Post-Graduate in Commerce and Hotel Management from Panjab University. He has also completed a three-year Diploma Course in French Language. He is in Winnipeg (Manitoba) since 2005. His interest is mainly in Short Story writing in Panjabi. His work has been recognized by a number of eminent literary organizations in India and Canada.

**Mrs. Amritpal Kaur** obtained M.A. (English), M.A. (Religious Studies) and M. Ed. degre and worked for many years as a Lecturer in English. In 1995, she started presenting the Panja Program "Gurbani Vichar", broadcast by All-India Radio, Jalandhar. In 2014, she wrote her fi book on Sikh Philosophy, followed by many more books on Sikhism and Sikh Spirituality.

**S. Piara Singh** was in the Teaching profession during 1977-1995 in India, Thailand, USA. Insurance Broker as Associate from 1995 onwards. Two poetry Books and One Play published in Punjabi and Shahmukhi. Former President Punjabi Sahit Sabha California, and Founder President Kalam Foundation, Toronto (Canada).

**Ms. Rubbina Singh** is a BSc (Bio Sciences) student at the University of Calgary. She is a passionate community enthusiast who has been a youth researcher with the Alberta Health Systems project on Mental Health in Youth. She is the Vice President of "Decreasing Disparities in Diagnostics" – a student led initiative at the UoC focussed on women's health and their under diagnostics. She served over 1000 hours as a Volunteer at the Foothills Medical Center in Calgary. Rubbina led a community facing COVID-19 knowledge translation project ("COVID Speaks").

<u>ਲੇਖਕਾਂ ਲਈ ਜ਼ਰੂਰੀ ਜਾਣਕਾਰੀ</u>

1. **ਮੈਗਜ਼ੀਨ ਦੀ ਨੀਤੀ**: ਪੰਜਾਬੀ ਭਾਸ਼ਾ, ਸੱਭਿਆਚਾਰ, ਇਤਿਹਾਸ ਅਤੇ ਵਿਰਾਸਤ ਨੂੰ ਪ੍ਰਫੁੱਲਤ ਕਰਨ ਲਈ ਧਰਮ-ਨਿਰਪੱਖ, ਗੈਰ-ਸਿਆਸੀ, ਗੈਰ-ਨਿੱਜੀ ਲੇਖ/ਕਵਿਤਾਵਾਂ (ਹੀ) ਛਾਪਣਾ।
2. **ਪ੍ਰਕਾਸ਼ਨ**: ਸੰਪਾਦਕੀ ਬੋਰਡ ਦੁਆਰਾ ਸਮੀਖਿਆ ਦੇ ਅਧੀਨ (ਨੀਤੀ ਅਨੁਸਾਰ) ਹੀ ਹੋਵੇਗਾ।
3. **ਸੰਪਾਦਕੀ ਬੋਰਡ**: ਲੇਖਕਾਂ/ਕਵੀਆਂ ਦੇ ਵਿਚਾਰਾਂ ਲਈ ਜ਼ਿੰਮੇਵਾਰ ਨਹੀਂ ਹੋਵੇਗਾ।ਇਸ ਦੀ ਪੂਰੀ **ਜ਼ਿਮੇਵਾਰੀ ਕੇਵਲ ਲੇਖਕਾਂ/ਕਵੀਆਂ ਦੀ ਆਪਣੀ ਹੀ ਹੋਵੇਗੀ।**
4. **ਟਾਈਪਿੰਗ ਫਾਰਮੈਟ**: ਲਿਖਤ ਪੰਜਾਬੀ ਵਿੱਚ ਸਿੰਗਲ ਕਾਲਮ (ਸਧਾਰਨ) ਅਨਮੋਲ ਲਿਪੀ ਵਿਚ ਹੋਵੇ। ਪ੍ਰਿੰਟ-ਸਕ੍ਰੀਨ, ਫੋਟੋਕਾਪੀਆਂ ਅਤੇ ਸਨਿੱਪ-ਟੂਲ ਸਵੀਕਾਰਯੋਗ ਨਹੀਂ ਹੋਣਗੇ।
5. **ਅੰਗਰੇਜ਼ੀ ਸ਼ਬਦ**: ਟਾਈਮਜ਼ ਨਿਊ ਰੋਮਨ, ਫੌਂਟ ਦਾ ਆਕਾਰ (14, ਪਰ ਬੋਲਡ ਨਹੀਂ) ਹੋਣ।
6. **ਲਾਈਨ ਸਪੇਸਿੰਗ**: ਸਿਰਫ਼ ਲੈਪਟੌਪ ਅਨੁਸਾਰ ਸਿੰਗਲ (1.0) ਸਪੇਸਿੰਗ।
7. **ਹਾਸ਼ੀਏ**: ਦੋਵੇਂ ਪਾਸੇ, ਉੱਪਰ ਅਤੇ ਹੇਠਾਂ: ਇੱਕ ਇੰਚ ਹੋਵੇ (ਜੋ ਆਮ ਹੁੰਦਾ ਹੈ)।
8. **ਲਿਖਤ ਦੀ ਹੈਡਿੰਗ**: ਫੌਂਟ ਸਾਈਜ਼ (14, ਬੋਲਡ), ਪੰਜਾਬੀ ਵਿੱਚ, (ਸਧਾਰਨ) ਅਨਮੋਲ ਲਿਪੀ।
9. **ਲੇਖਕ ਦਾ ਨਾਮ**: ਫੌਂਟ ਸਾਈਜ਼ (14, ਬੋਲਡ ਨਹੀਂ); ਅੱਗੇ ਸ਼ਹਿਰ ਦਾ ਨਾਮ ਅਤੇ (ਦੇਸ਼)।
10. **ਲੇਖਕ ਦੇ ਵਿਕਲਪ**: ਲੇਖਕ/ਕਵੀ ਸ਼ੁਰੂ ਵਿਚ ਆਪਣੇ ਨਾਮ ਦੇ ਹੇਠਾਂ (ਜੇ ਚਾਹੁਣ ਤਾਂ) ਆਪਣੀ ਫੋਟੋ, ਫ਼ੋਨ ਨੰਬਰ, ਈ-ਮੇਲ, ਵੱਟਸਐਪ ਦੇ ਸਕਦੇ ਹਨ (ਪਰ ਇਹ ਜ਼ਰੂਰੀ ਨਹੀਂ ਹੈ)।
11. **ਜਾਣ-ਪਛਾਣ ਲਈ:** ਸੰਖੇਪ (4 ਲਾਈਨਾਂ ਵਿਚ) ਆਪਣੇ ਬਾਰੇ ਜਾਣਕਾਰੀ ਦਿਓ ਜੀ।
12. **ਲੇਖ/ਕਵਿਤਾ**: ਸਿਰਫ ਈਮੇਲ ਦੁਆਰਾ ਲੈਪਟੌਪ ਤੋਂ ਹੀ ਭੇਜੋ, ਮੋਬਾਈਲ ਤੋਂ ਨਹੀਂ ।
13. **ਲਿਖਤ ਦੀ ਲੰਬਾਈ**: ਲੈਪਟਾਪ ਦੇ ਉਪੱਰ ਦੱਸੇ ਫਾਰਮੈਟ ਵਿੱਚ ਵੱਧ ਤੋਂ ਵੱਧ ਦੋ ਪੰਨੇ (400 ਸ਼ਬਦਾਂ ਤਕ ਇਕ ਸਫੇ ਉਤੇ)। (ਫੋਟੋ ਸਪੇਸ ਸਮੇਤ, ਜੇ ਲੇਖਕ ਨੇ ਫੋਟੋ ਲਾਉਣੀ ਹੈ ਤਾਂ)।
14. **ਲੰਬੇ ਲੇਖ**: ਵੈੱਬਸਾਈਟ (sanjihivrasat.org) ਦੇ ਬਲੌਗ (Blog) 'ਤੇ ਪਾ ਦਿੱਤੇ ਜਾਣਗੇ।
15. **ਮੌਲਿਕਤਾ**: ਲੇਖਕ ਲਿਖ ਭੇਜਣ ਕਿ ਕਾਪੀਰਾਈਟ ਉਲੰਘਣਾ (Copyright Infringement) ਨਹੀਂ ਹੋਈ ਹੈ। ਇਹ ਲੇਖ/ਕਵਿਤਾ ਵਾਲੀ ਈਮੇਲ ਦੇ ਨਾਲ ਹੀ ਹੋਣੀ ਜ਼ਰੂਰੀ ਹੈ।
16. **ਹਵਾਲੇ** (References): ਲੇਖ ਦਾ ਟਾਈਟਲ, ਮੂਲ ਲੇਖਕ ਅਤੇ ਜਰਨਲ/ਕਿਤਾਬ ਦਾ ਨਾਮ ਤੇ ਸਾਲ ਦਿਓ। ਗੁਰਬਾਣੀ ਦਾ ਸਰੋਤ ਤੇ ਪੰਨਾ ਨੰਬਰ ਦਿਓ। ਫੋਟੋ (ਜੇ ਹੈ ਤਾਂ) ਕਿਥੋਂ ਲਈ ਗਈ ਹੈ, ਲਿਖਣਾ ਜ਼ਰੂਰੀ ਹੈ।


**Important Information for Authors**

1. Magazine Policy :To Promote Punjabi Culture, History & Heritage using Secular, Non-Political, Non-Personal Articles/Poems.
2. Publication : Subject to Review by an Editorial Board (as per policy).
3. Editorial Board : Will not be responsible for the views of Authors /Poets.
4. Typing Format : Single column in Panjabi (Simple) Anmol Lipi, 12 font. (Print-screen, Photocopy and Snip-tool not Acceptable)
5. English words : Times New Roman, Font size (14, not bold).
6. Line Spacing : Single Spacing (1.0) on Laptop.
7. Margins : Both Sides, Above and Below: One Inch (is normal)
8. Article Heading : Font size (14, bold), in Panjabi, (Simple) Anmol Lipi.
9. Author's Name : Font Size (14, not bold); and Name of city (Country).
10. Author's Options : May (or may not) give his/her Photo, Phone, e-mail, Or WhatsApp Address for publication
11. Introduction : of the Author may be given in brief (4 lines)
12. Authors' mail : Authors should send their Articles/Poems by e-mail only.
13. Maximum Length : Two pages (900 words) in WORD format of Laptop. (Including Photo space if Author has opted for it).
14. Longer Articles : To be placed on BLOG on Website *(sanjhivirasat.org)*.
15. Originality : Authors will certify there is No Copyright Infringement.
16. References : Articles (Author, Title, Journal/Book, Year), Gurbani (Source, page), Photo (Acknowledgement) required.

## ਸੰਪਾਦਕੀ ਮੰਡਲ



ਡਾ. ਰਾਜਾ ਬਲਰਾਜ ਸਿੰਘ



ਸ੍ਰੀਮਤੀ ਗੁਰਦੀਸ਼ ਕੌਰ ਗਰੇਵਾਲ



ਪ੍ਰੋਫ਼ੈਸਰ ਮਨਿੰਦਰ ਸਿੰਘ



ਡਾ. ਕਾਬਲ ਸਿੰਘ



ਡਾ. ਬਲਦੇਵ ਸਿੰਘ



ਸ. ਜਗਬੀਰ ਸਿੰਘ ਕੋਹਲੀ



ਸ. ਪਰਮਜੀਤ ਸਿੰਘ



ਪ੍ਰਿਸੀਪਲ ਮਨਮੋਹਨ ਕੌਰ



ਡਾ. ਰਾਜਬੀਰ ਸਿੰਘ ਭੱਟੀ



ਡਾ. ਸੁਰਜੀਤ ਸਿੰਘ ਭੱਟੀ

## ਸਲਾਹਕਾਰ



ਡਾ. ਕਾਲਾ ਸਿੰਘ



ਡਾ. ਡੀ. ਪੀ ਸਿੰਘ



ਡਾ. ਜਗਜੀਤ ਸਿੰਘ



ਡਾ. ਦਵਿੰਦਰ ਸਿੰਘ ਸੇਖੋਂ